Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 04 01/05/2025 www.samajweekly.com samajweekly @samajweekly samajweekly

## ਮਿਹਨਤ ਕਸ਼ ਲੋਕਾਂ ਦੇ ਨਾਂ

ਤੂੰ ਮੰਗਿਆ ਏ ਮੈਥੋਂ ਗੀਤ ਕੋਈ ,
ਯਾਰਾਂ ਦੀ ਮਹਿਫ਼ਲ ਗਾਉਂਣ ਲਈ ।
ਮੈਂ ਲਿਖਦਾ ਹਾਂ ਕਵਿਤਾਵਾਂ ਹੁਣ ,
ਸੁੱਤੇ ਹੋਏ ਲੋਕ ਜਗਾਉਂਣ ਲਈ ।
ਓਹ ਗੱਲ ਪੁਰਾਣੀ ਹੋ ਗਈ ਏ ,
ਮੈਂ ਲਿਖੇ ਸੀ ਗੀਤ ਪਿਆਰਾਂ ਦੇ ।
ਤੂੰ ਹੇਕਾਂ ਲਾ ਲਾ ਗਾਏ ਸੀ ,
ਬਹਿ ਕੇ ਵਿੱਚ ਅਪਣਿਆਂ ਯਾਰਾਂ ਦੇ।
ਕੋਈ ਕਿੰਨਾਂ ਕੁ ਚਿਰ ਲਿਖੀਂ ਜਾਵੇ ,
ਲੋਕਾਂ ਦਾ ਦਿਲ ਪ੍ਰਚਾਉਂਣ ਲਈ ।
ਮੈਂ ਲਿਖਦਾ ਹਾਂ -------------
ਅੱਜ ਮਿਹਨਤ ਕਸ਼ ਨੂੰ ਮਿਲਦਾ ਨਾ ,
ਹੱਕ ਪੂਰਾ ਉਸ ਦੀ ਮਿਹਨਤ ਦਾ ।
ਉਹ ਪੂਰੀ ਤਰ੍ਹਾਂ ਨਾ ਮਾਣ ਸਕੇ ,
ਹੱਕ ਕੁਦਰਤ ਦੀ ਵੀ ਨੇਹਮਤ ਦਾ ।
ਆ ਤੂੰ ਵੀ ਮੋਢਾ ਲਾ ਸੱਜਣਾ ,
ਕਾਣੀ ਵੰਡ ਖ਼ਤਮ ਕਰਾਉਂਣ ਲਈ ।
ਮੈਂ ਲਿਖਦਾ ਹਾਂ --------------
ਇੱਕ ਦਿਨ ਮੇਰੀਆਂ ਕਵਿਤਾਵਾਂ ਨੇ ,
ਲੋਕਾਂ ਨੂੰ 'ਕੱਠਿਆਂ ਕਰ ਦੇਣਾ ।
ਭੁੱਖਿਆਂ ਨੂੰ ਰੋਟੀ ਤੇ ਕੱਪੜਾ ,
ਤੇ ਬੇ-ਘਰਿਆਂ ਨੂੰ ਘਰ ਦੇਣਾ ।
ਹਰ ਸੂਝਵਾਨ ਫ਼ਿਰ ਸੋਚੇਗਾ ,
ਉੱਚਿਆਂ ਦੇ ਕਿੰਗਰੇ ਢਾਉਂਣ ਲਈ ।
ਮੈਂ ਲਿਖਦਾ ਹਾਂ ---------------
ਇੱਕ ਮੰਨ ਰੰਚਣਾਂ ਵਾਲ਼ੇ ਦੀ ,
ਛੱਡ ਗੀਤ ਰੁਮਾਂਟਿਕ ਗਾਉਂਣੇ ਤੂੰ ।
ਪੈਸੇ ਤੇ ਸ਼ੁਹਰਤ ਦੀ ਖ਼ਾਤਰ ,
ਲੋਕਾਂ ਦੇ ਦਿਲ ਪਰਚਾਉਂਣੇ ਤੂੰ ।
ਤੂੰ ਤੀਜੀ ਅੱਖ ਨੂੰ ਖੋਲ੍ਹ ਜ਼ਰਾ ,
ਭੁੱਲਿਆਂ ਨੂੰ ਰਾਹ ਦਿਖਾਉਂਣ ਲਈ ।
ਮੈਂ ਲਿਖਦਾ ਹਾਂ ----------------



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
**9914836037**



# 1st MAY

# ਮਜ਼ਦੂਰ ਦਿਵਸ



# 1 ਮਈ ਤੋਂ ਅਟਾਰੀ ਸਰਹੱਦ ਆਵਾਜਾਈ ਵਾਸਤੇ ਮੁਕੰਮਲ ਬੰਦ

**ਅੰਮ੍ਰਿਤਸਰ।** ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ 1 ਮਈ ਨੂੰ ਅਟਾਰੀ ਸਰਹੱਦ ਮੁਕੰਮਲ ਤੌਰ ’ਤੇ ਬੰਦ ਕੀਤੇ ਜਾਣ ਤੋਂ ਪਹਿਲਾਂ ਅੱਜ ਆਖਰੀ ਦਿਨ ਲਗਪਗ 300 ਤੋਂ ਵੱਧ ਵਿਅਕਤੀ ਦੋਵਾਂ ਦੇਸ਼ਾਂ ਤੋਂ ਆਪੋ ਆਪਣੇ ਮੁਲਕਾਂ ਵਿੱਚ ਵਾਪਸ ਪਰਤੇ ਹਨ। ਦੇਸ਼ ਵਾਪਸੀ ਕਰਨ ਵਾਲਿਆਂ ਵਿੱਚ ਜੰਮੂ ਕਸ਼ਮੀਰ ਸੂਬੇ ਤੋਂ ਕਈ ਅਜਿਹੇ ਵਿਅਕਤੀ ਸਨ, ਜਿਨ੍ਹਾਂ ਨੂੰ ਉਥੋਂ ਦੇ ਪ੍ਰਸ਼ਾਸਨ ਵੱਲੋਂ ਜਬਰੀ ਵਾਪਸ ਭੇਜਿਆ ਗਿਆ ਹੈ। ਇਨ੍ਹਾਂ ਵਿੱਚ ਕੁਝ ਮਾਵਾਂ ਅਜਿਹੀਆਂ ਸਨ, ਜਿਨ੍ਹਾਂ ਦੀ ਨਾਗਰਿਕਤਾ ਤਾਂ ਪਾਕਿਸਤਾਨੀ ਹੈ, ਪਰ ਉਹ ਵਿਆਹੀਆਂ ਭਾਰਤ ਵਿੱਚ ਹੋਈਆਂ ਹਨ। ਉਨ੍ਹਾਂ ਦੇ ਬੱਚੇ ਅਤੇ ਪਰਿਵਾਰ ਭਾਰਤ ਵਿੱਚ ਹਨ। ਉਨ੍ਹਾਂ ਨੂੰ ਵਾਪਸ ਭੇਜਣ ਸਮੇਂ ਪਰਿਵਾਰ ਰੋ ਕੁਰਲਾ ਰਹੇ ਸਨ।



ਅਜਿਹੇ ਪਰਿਵਾਰਾਂ ਵਿੱਚ ਸਾਰਾ ਖਾਨ ਨਾਂ ਦੀ ਇੱਕ ਔਰਤ ਵੀ ਸ਼ਾਮਲ ਸੀ, ਜਿਸ ਦੇ ਘਰ ਕਰੀਬ 10 ਦਿਨ ਪਹਿਲਾਂ ਹੀ ਬੱਚਾ ਹੋਇਆ ਹੈ ਅਤੇ ਪੁਲੀਸ ਉਸ ਨੂੰ ਰਾਤ ਵੇਲੇ ਘਰੋਂ ਲੈ ਆਈ ਸੀ ਅਤੇ ਅੱਜ ਪਾਕਿਸਤਾਨ ਭੇਜ ਦਿੱਤਾ ਹੈ। ਇਸ ਔਰਤ ਨੇ ਅਟਾਰੀ ਸਰਹੱਦ ਰਸਤੇ ਪਾਕਿਸਤਾਨ ਜਾਣ ਤੋਂ ਪਹਿਲਾਂ ਦੱਸਿਆ ਕਿ ਉਹ 1965 ਵਿੱਚ ਵੰਡੇ ਗਏ ਕਸ਼ਮੀਰ ਦੇ ਪਾਕਿਸਤਾਨ ਵਾਲੇ ਹਿੱਸੇ ਵਿੱਚ ਆਪਣੇ ਪਰਿਵਾਰ ਨਾਲ ਚਲੀ ਗਈ ਸੀ। 2017 ਵਿੱਚ ਉਸਦੇ ਪਰਿਵਾਰ ਵਾਲਿਆਂ ਨੇ ਉਸ ਦਾ ਵਿਆਹ ਭਾਰਤੀ ਕਸ਼ਮੀਰ ਵਿੱਚ ਰਹਿੰਦੇ ਔਰੰਗਜ਼ੇਬ ਨਾਲ ਕਰ ਦਿੱਤਾ। ਉਸ ਦਾ ਇੱਕ ਬੇਟਾ ਛੇ ਸਾਲ ਦਾ ਹੈ, ਜਿਸ ਦੀ ਨਾਗਰਿਕਤਾ ਪਾਕਿਸਤਾਨੀ ਹੈ ਤੇ ਦੂਜਾ ਕਰੀਬ 10 ਦਿਨ ਦਾ ਹੈ। ਉਹ ਰੋ ਕੁਰਲਾ ਰਹੀ ਸੀ ਕਿ ਉਸ ਨੂੰ ਉਸ ਦੇ ਬੱਚੇ ਕੋਲ ਰਹਿਣ ਦਿੱਤਾ ਜਾਵੇ ਅਤੇ ਵਾਪਸ ਨਾ ਭੇਜਿਆ ਜਾਵੇ। ਉਸ ਦੇ ਪਤੀ ਔਰੰਗਜ਼ੇਬ ਵੱਲੋਂ ਵੀ ਇਹੀ ਅਪੀਲ ਕੀਤੀ ਜਾ ਰਹੀ ਸੀ। ਇੱਕ ਹੋਰ ਬਜ਼ੁਰਗ ਔਰਤ ਜਿਸ ਦੇ ਅੱਠ ਬੱਚੇ ਹਨ ਪਰ ਉਸ ਦੀ ਨਾਗਰਿਕਤਾ ਪਾਕਿਸਤਾਨ ਦੀ ਹੈ।

## ਲੁਧਿਆਣਾ ’ਚ ਥਾਰ ਸਵਾਰ ਮਹਿਲਾ ਨੇ ਮੋਟਰਸਾਈਕਲ ਸਵਾਰ ਨੂੰ ਕੁਚਲਿਆ

**ਲੁਧਿਆਣਾ।** ਅੱਜ ਲੁਧਿਆਣਾ ਦੇ ਸੱਗੂ ਚੌਂਕ ਨੇੜੇ ਇੱਕ ਦਰਦ-ਨਾਕ ਹਾਦਸਾ ਵਾਪਰਿਆ ਜਿਸ ਦੇ ਵਿੱਚ ਥਾਰ ਸਵਾਰ ਮਹਿਲਾ ਆਪਣੀ ਗੱਡੀ ਦਾ ਯੂ -ਟਰਨ ਲੈ ਰਹੀ ਸੀ ਅਤੇ ਅਚਾਨਕ ਉਸਦੇ ਵੱਲੋਂ ਰੇਸ ਜ਼ਿਆਦਾ ਦੇ ਦਿੱਤੀ ਗਈ ਅਤੇ ਦੂਜੇ ਪਾਸਿਓਂ ਆ ਰਹੇ ਮੋਟਰਸਾਈਕਲ ਸਵਾਰ ਨੂੰ ਗੰਭੀਰ ਰੂਪ ’ਚ ਜ਼ਖ਼ਮੀ ਕਰ ਦਿੱਤਾ। ਮੋਟਰਸਾਈਕਲ ਸਵਾਰ ਤੁਰੰਤ ਉਸ ਨੂੰ ਲੁਧਿਆਣਾ ਦੇ ਡੀਐਮਸੀ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿਸ ਤੋਂ ਬਾਅਦ ਜੋ ਜਾਣਕਾਰੀ ਸਾਹਮਣੇ ਆਈ ਕਿ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ ਹੈ। ਮੌਕੇ ’ਤੇ ਪੁਲਿਸ ਵੀ ਪਹੁੰਚੀ ਅਤੇ ਪੁਲਿਸ ਮਾਮਲੇ ਦੀ ਜਾਂਚ ਵੀ ਕਰ ਰਹੀ ਹੈ ਅਤੇ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ। ਜਿਸ ਦੇ ਨਾਲ ਦਰਦਨਾਕ ਹਾਦਸੇ ਦੀਆਂ ਤਸਵੀਰਾਂ ਝੰਜੋੜ ਕੇ ਰੱਖ ਦਿੰਦੀਆਂ ਹਨ। ਮੌਕੇ ’ਤੇ ਚਸ਼ਮਦੀਦਾਂ ਨੇ ਦੱਸਿਆ ਕਿ ਥਾਰ ਸਵਾਰ ਗੱਡੀ ਨੂੰ ਮੋੜਨ ਲੱਗਿਆ ਰੇਸ ਜ਼ਿਆਦਾ ਦੇ ਦਿੱਤੀ, ਜਿਸ ਕਾਰਨ ਮੋਟਰਸਈਕਲ ਸਵਾਰ ਥਾਰ ਦੇ ਹੇਠਾਂ ਆ ਗਿਆ। ਜਿਸ ਨੂੰ ਥਾਰ ਦੇ ਥੱਲੇ ਤੋਂ ਜੈਕ ਲਗਾ ਕੇ ਕੱਢਿਆ ਗਿਆ, ਜਿਸ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਮਹਿਲਾ ਥਾਰ ਸਵਾਰ ਉਸ ਨੂੰ ਹਸਪਤਾਲ ਲੈ ਕੇ ਗਈ ਜਿਥੇ ਉਸ ਦੀ ਮੌਤ ਹੋ ਗਈ ਹੈ।



## ਰਾਹੁਲ ਗਾਂਧੀ ਨੇ ਸਰਕਾਰ ਦੇ ‘ਅਚਾਨਕ’ ਜਾਤੀ ਮਰਦਮਸ਼ੁਮਾਰੀ ਦੇ ਫ਼ੈਸਲੇ ਦਾ ਸਵਾਗਤ ਕੀਤਾ, ਇਸ ਨੂੰ ਲਾਗੂ ਕਰਨ ਲਈ ਸਮਾਂ ਸੀਮਾ ਮੰਗੀ

**ਨਵੀਂ ਦਿੱਲੀ :** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਬੁਧਵਾਰ ਨੂੰ ਕਿਹਾ ਕਿ ਉਹ 11 ਸਾਲ ਵਿਰੋਧ ਕਰਨ ਤੋਂ ਬਾਅਦ ਆਗਾਮੀ ਮਰਦਮਸ਼ੁਮਾਰੀ ’ਚ ਜਾਤੀ ਗਿਣਤੀ ਨੂੰ ਸ਼ਾਮਲ ਕਰਨ ਦੇ ਸਰਕਾਰ ਦੇ ਅਚਾਨਕ ਲਏ ਗਏ ਫੈਸਲੇ ਦਾ ਸਵਾਗਤ ਕਰਦੇ ਹਨ ਪਰ ਕੇਂਦਰ ਨੂੰ ਇਸ ਨੂੰ ਲਾਗੂ ਕਰਨ ਲਈ ਸਮਾਂ ਸੀਮਾ ਦੇਣੀ ਚਾਹੀਦੀ ਹੈ।

ਜਾਤੀ ਗਿਣਤੀ ’ਤੇ ਸਰਕਾਰ ਦੇ ਐਲਾਨ ਦਾ ਸਿਹਰਾ ਕਾਂਗਰਸ ਵਲੋਂ ਚਲਾਈ ਜਾ ਰਹੀ ਮੁਹਿੰਮ ਨੂੰ ਦਿੰਦੇ ਹੋਏ ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੂੰ ਤੁਰਤ ਸ਼ੱਕ ਹੈ ਕਿ ਇਹ ਲਾਗੂ ਕਰਨ ਦੇ ਮਾਮਲੇ ’ਚ ਮਹਿਲਾ ਬਿਲ ਦੇ ਰਾਹ ’ਤੇ ਜਾ ਸਕਦਾ ਹੈ।

ਜਾਤੀ ਗਿਣਤੀ ਕਰਵਾਉਣ ਲਈ ਸਰਕਾਰ ’ਤੇ ਸਫਲਤਾਪੂਰਵਕ ਦਬਾਅ ਪਾਉਣ ’ਤੇ ਜ਼ੋਰ ਦਿੰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਕਾਂਗਰਸ ਰਾਖਵਾਂਕਰਨ ’ਤੇ 50 ਫੀ ਸਦੀ ਦੀ ਸੀਮਾ ਦੀ ‘ਰੁਕਾਵਟ’ ਨੂੰ ਤੋੜੇਗੀ ਅਤੇ ਧਾਰਾ 15 (5) ਨੂੰ ਲਾਗੂ ਕਰਨ ਦੀ ਮੰਗ ਕਰੇਗੀ, ਜੋ ਨਿੱਜੀ ਵਿਦਿਅਕ ਸੰਸਥਾਵਾਂ ’ਚ ਰਾਖਵਾਂਕਰਨ ਨਾਲ



ਸਬੰਧਤ ਹੈ। ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ, ‘‘ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ (ਧਾਰਾ 15 (5) ਨੂੰ ਤੁਰਤ ਲਾਗੂ ਕਰੇ।’’ ਰਾਹੁਲ ਗਾਂਧੀ ਨੇ ਕਿਹਾ, ‘‘ਕਾਂਗਰਸ ਨੂੰ ਪੂਰਾ ਯਕੀਨ ਹੈ ਕਿ ਜਾਤੀ ਗਿਣਤੀ ਦੇਸ਼ ਵਿਚ ਵਿਕਾਸ ਦੇ ਬਿਲਕੁਲ ਨਵੇਂ ਮੀਲ ਦੇ ਪੱਥਰ ਦਾ ਪਹਿਲਾ ਕਦਮ ਹੈ ਅਤੇ ਅਸੀਂ ਇਸ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਅੱਗੇ ਵਧਾਉਣ ਜਾ ਰਹੇ ਹਾਂ।’’ ਉਨ੍ਹਾਂ ਕਿਹਾ, ‘‘ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਭਾਜਪਾ ਕੀ ਸੋਚਦੀ ਹੈ।’’ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਅਤੇ ਕੇ ਸੀ ਵੇਣੂਗੋਪਾਲ, ਕਾਂਗਰਸ ਦੇ ਮੀਡੀਆ ਅਤੇ ਪ੍ਰਚਾਰ ਵਿਭਾਗ ਦੇ ਮੁਖੀ ਪਵਨ ਖੇੜਾ, ਏ.ਆਈ.ਸੀ.ਸੀ. ਦੇ ਕੌਮੀ ਕੋਆਰਡੀਨੇਟਰ ਐਸ.ਸੀ., ਐਸ.ਟੀ., ਓ.ਬੀ.ਸੀ. ਅਤੇ ਘੱਟ ਗਿਣਤੀ ਵਿਭਾਗ ਕੇ ਰਾਜੂ ਅਤੇ ਓ.ਬੀ.ਸੀ. ਵਿਭਾਗ ਦੇ ਮੁਖੀ ਅਨਿਲ ਜੈਹਿੰਦ ਦੇ ਨਾਲ ਇਕ ਪ੍ਰੈਸ ਕਾਨਫਰੰਸ ’ਚ ਰਾਹੁਲ ਗਾਂਧੀ ਨੇ ਕਿਹਾ, ‘‘ਅਸੀਂ ਵਿਖਾਇਆ ਹੈ ਕਿ ਅਸੀਂ ਜਾਤੀ ਗਿਣਤੀ ਕਰਨ ਲਈ ਭਾਜਪਾ ’ਤੇ ਦਬਾਅ ਪਾ ਸਕਦੇ ਹਾਂ।’’

ਇਹ ਟਿਪਣੀ ਕਰਦਿਆਂ ਕਿ ਕਾਂਗਰਸ ਕੁੱਝ ਸਮੇਂ ਤੋਂ ਦੇਸ਼ ਵਿਆਪੀ ਜਾਤ ਅਧਾਰਤ ਮਰਦਮਸ਼ੁਮਾਰੀ ਕਰਵਾਉਣ ਦੀ ਵਕਾਲਤ ਕਰ ਰਹੀ ਹੈ, ਰਾਹੁਲ ਨੇ ਕਿਹਾ ਕਿ ਸਰਕਾਰ ਨੇ ਪਹਿਲਾਂ 11 ਸਾਲਾਂ ਤੋਂ ਇਸ ਦਾ ਵਿਰੋਧ ਕੀਤਾ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿੰਦੇ ਸਨ ਕਿ ਸਿਰਫ ਚਾਰ ਜਾਤੀਆਂ ਹਨ, ਪਰ ਅਚਾਨਕ ਇਸ ਦਾ ਐਲਾਨ ਕਰਨ ਦਾ ਫੈਸਲਾ ਕੀਤਾ। ਰਾਹੁਲ ਗਾਂਧੀ ਨੇ ਕਿਹਾ, ‘‘ਅਸੀਂ ਇਸ ਫੈਸਲੇ ਦਾ ਤਹਿ ਦਿਲੋਂ ਸਵਾਗਤ ਕਰਦੇ ਹਾਂ ਪਰ ਇਸ ਨੂੰ ਲਾਗੂ ਕਰਨ ਦੀ ਸਪੱਸ਼ਟ ਸਮਾਂ ਸੀਮਾ ਦੀ ਮੰਗ ਕਰਦੇ ਹਾਂ।’’


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office


Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


## ਅਦਾਲਤਾਂ ਵਿਚੋਲਗੀ ਦੇ ਫ਼ੈਸਲਿਆਂ ’ਚ ਸੋਧ ਕਰ ਸਕਦੀਆਂ ਹਨ : ਸੁਪਰੀਮ ਕੋਰਟ

**ਨਵੀਂ ਦਿਲੀ।** ਸੁਪਰੀਮ ਕੋਰਟ ਨੇ ਇਕ ਇਤਿਹਾਸਕ ਫੈਸਲੇ ’ਚ ਕਿਹਾ ਹੈ ਕਿ ਅਦਾਲਤਾਂ ਵਿਚੋਲਗੀ ਅਤੇ ਸੁਲਹ ਐਕਟ, 1996 ਦੇ ਤਹਿਤ ਵਿਚੋਲਗੀ ਦੇ ਫੈਸਲਿਆਂ ’ਚ ਵੀ ਸੋਧ ਕਰ ਸਕਦੀਆਂ ਹਨ। ਚੀਫ ਜਸਟਿਸ ਸੰਜੀਵ ਖੰਨਾ ਦੀ ਅਗਵਾਈ ਵਾਲੇ 4:1 ਦੇ ਬਹੁਮਤ ਵਾਲੇ ਫੈਸਲੇ ’ਚ ਕਿਹਾ ਗਿਆ ਹੈ ਕਿ ਸੰਵਿਧਾਨ ਦੀ ਧਾਰਾ 142 ਤਹਿਤ ਸੁਪਰੀਮ ਕੋਰਟ ਦੀਆਂ ਵਿਸ਼ੇਸ਼ ਸ਼ਕਤੀਆਂ ਨੂੰ ਫੈਸਲਿਆਂ ’ਚ ਸੋਧ ਲਈ ਲਾਗੂ ਕੀਤਾ ਜਾ ਸਕਦਾ ਹੈ ਪਰ ਇਸ ਦੀ ਵਰਤੋਂ ਸਾਵਧਾਨੀ ਨਾਲ ਕੀਤੀ ਜਾਣੀ ਚਾਹੀਦੀ ਹੈ। ਜਸਟਿਸ ਕੇ.ਵੀ. ਵਿਸ਼ਵਨਾਥਨ ਨੇ ਅਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਅਦਾਲਤਾਂ ਫੈਸਲਿਆਂ ਨੂੰ ਨਹੀਂ ਬਦਲ ਸਕਦੀਆਂ। ਇਸ ਫੈਸਲੇ ’ਚ ਸ਼ਬਦੀ ਗਲਤੀਆਂ ਨੂੰ ਠੀਕ ਕਰਨ ਅਤੇ ਫੈਸਲਿਆਂ ਤੋਂ ਬਾਅਦ ਦੇ ਹਿੱਤਾਂ ਨੂੰ ਸੋਧਣ ਲਈ ‘ਸੀਮਤ ਸ਼ਕਤੀ’ ਦੀ ਰੂਪਰੇਖਾ ਦਿਤੀ ਗਈ ਹੈ। ਇਸ ਫੈਸਲੇ ਨਾਲ ਵਪਾਰਕ ਵਿਚੋਲਗੀ ਪ੍ਰਭਾਵਤ ਹੋਣ ਦੀ ਉਮੀਦ ਹੈ, ਕਿਉਂਕਿ ਅਦਾਲਤ ਵਿਵਾਦ ਨਿਪਟਾਰੇ ਵਿਚ ਅੰਤਮ ਅਤੇ ਨਿਆਂਇਕ ਨਿਗਰਾਨੀ ਨੂੰ ਸੰਤੁਲਿਤ ਕਰਨਾ ਚਾਹੁੰਦੀ ਹੈ। ਵਿਸਥਾਰਤ ਫੈਸਲੇ ਦੀ ਉਡੀਕ ਕੀਤੀ ਜਾ ਰਹੀ ਹੈ।




## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਕੋਲਕਾਤਾ ਦੇ ਹੋਟਲ ਵਿਚ ਅੱਗ ਲੱਗਣ ਕਾਰਨ 14 ਦੀ ਮੌਤ



**ਕੋਲਕਾਤਾ।** ਕੋਲਕਾਤਾ ਦੇ ਮੇਚੁਆਪੱਟੀ ਖੇਤਰ ਵਿਚ ਇਕ ਹੋਟਲ ’ਚ ਭਿਆਨਕ ਅੱਗ ਲੱਗਣ ਕਾਰਨ ਇਕ ਔਰਤ ਅਤੇ ਦੋ ਬੱਚਿਆਂ ਸਮੇਤ 14 ਵਿਅਕਤੀਆਂ ਦੀ ਮੌਤ ਹੋ ਗਈ। ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਮੰਗਲਵਾਰ ਸ਼ਾਮ ਨੂੰ ਲੱਗੀ ਅੱਗ ਦੌਰਾਨ 13 ਹੋਰ ਜ਼ਖਮੀ ਹੋ ਗਏ। ਕੋਲਕਾਤਾ ਪੁਲੀਸ ਦੇ ਅਧਿਕਾਰੀ ਅਨੁਸਾਰ ਮ੍ਰਿਤਕਾਂ ਵਿਚ 11 ਆਦਮੀ ਸ਼ਾਮਲ ਹਨ, ਜਿਨ੍ਹਾਂ ਵਿੱਚੋਂ 8 ਦੀ ਹੁਣ ਤੱਕ ਪਛਾਣ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਕਈ ਜ਼ਖਮੀਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਅਧਿਕਾਰੀ ਨੇ ਦੱਸਿਆ, “ਘਟਨਾ ਦੇ ਸਮੇਂ 42 ਕਮਰਿਆਂ ਵਿਚ 88 ਮਹਿਮਾਨ ਸਨ। ਮ੍ਰਿਤਕਾਂ ਵਿਚ ਦੋ ਬੱਚੇ ਅਤੇ ਇਕ ਔਰਤ ਸ਼ਾਮਲ ਹੈ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ, ਸਾਡੀ ਫੋਰੈਂਸਿਕ ਟੀਮ ਘਟਨਾ ਵਾਲੀ ਥਾਂ ਦੀ ਜਾਂਚ ਕਰੇਗੀ।’’

ਫਾਇਰ ਅਤੇ ਐਮਰਜੈਂਸੀ ਸੇਵਾਵਾਂ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਅੱਗ ਲੱਗਣ ਦੀ ਸੂਚਨਾ ਪਹਿਲਾਂ ਸ਼ਾਮ 7:30 ਵਜੇ ਦੇ ਕਰੀਬ ਮਿਲੀ ਸੀ, ਲਗਭਗ 10 ਫਾਇਰ ਟੈਂਡਰਾਂ ਨੇ ਲੰਮੀ ਮੁਸ਼ੱਕਤ ਬਾਅਦ ਬੁੱਧਵਾਰ ਸਵੇਰ ਅੱਗ ’ਤੇ ਕਾਬੂ ਪਾਇਆ ਗਿਆ। ਰਾਜ ਮੰਤਰੀ ਸੁਜੀਤ ਬੋਸ ਨੇ ਪੀਟੀਆਈ ਨੂੰ ਦੱਸਿਆ ਕਿ ਇਸ ਦੁਖਾਂਤ ਦੇ ਮੱਦੇਨਜ਼ਰ ਕੋਲਕਾਤਾ ਪੁਲੀਸ ਨੇ ਘਟਨਾ ਦੀ ਜਾਂਚ ਲਈ ਇਕ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦਾ ਗਠਨ ਕੀਤਾ ਹੈ। ਪੱਛਮੀ ਬੰਗਾਲ ਭਾਜਪਾ ਪ੍ਰਧਾਨ ਸੁਕਾਂਤ ਮਜੂਮਦਾਰ ਨੇ ਮੁੱਖ ਮੰਤਰੀ ਮਮਤਾ ਬੈਨਰਜੀ ’ਤੇ ਵਰ੍ਹਦਿਆਂ ਉਨ੍ਹਾਂ ’ਤੇ ਅਸੰਵੇਦਨਸ਼ੀਲਤਾ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ, ‘‘ਬੁਰਾਬਾਜ਼ਾਰ ਦੇ ਮੇਛੂਆ ਖੇਤਰ ਵਿਚ ਇਕ ਭਿਆਨਕ ਅੱਗ ਨੇ 14 ਮਾਸੂਮ ਲੋਕਾਂ ਦੀ ਜਾਨ ਲੈ ਲਈ। ਬਹੁਤ ਸਾਰੇ ਹੋਰ ਆਪਣੀ ਜਾਨ ਬਚਾਉਣ ਲਈ ਜੂਝ ਰਹੇ ਹਨ। ਫਿਰ ਵੀ ਮੁੱਖ ਮੰਤਰੀ ਨੇ ਚੁੱਪ ਰਹਿਣਾ ਚੁਣਿਆ ਅਤੇ ਦੀਘਾ ਵਿਚ ਆਪਣੇ ਧਾਰਮਿਕ ਸਮਾਗਮ ਨੂੰ ਜਾਰੀ ਰੱਖਿਆ।’’ ਉਨ੍ਹਾਂ ਕਿਹਾ ਕਿ ਇਹ ਉਸ(ਮੁੱਖ ਮੰਤਰੀ) ਦੀ ਹਮਦਰਦੀ ਦੀ ਘਾਟ ਅਤੇ ਪ੍ਰਸ਼ਾਸਨ ਦੀ ਅਸਫਲਤਾ ਨੂੰ ਦਰਸਾਉਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਗ ਲੱਗਣ ਦੀ ਘਟਨਾ ਵਿਚ ਹੋਏ ਜਾਨੀ ਨੁਕਸਾਨ ’ਤੇ ਦੁੱਖ ਪ੍ਰਗਟ ਕਰਦਿਆਂ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਅਤੇ ਜ਼ਖਮੀਆਂ ਲਈ ਮੁਆਵਜ਼ੇ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਦਫ਼ਤਰ ਨੇ ਐਕਸ ਪੋਸਟ ਵਿਚ ਘਟਨਾ ’ਤੇ ਦੁੱਖ ਪ੍ਰਗਟ ਕਰਦਿਆਂ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ। ਪੋਸਟ ਵਿਚ ਕਿਹਾ ਗਿਆ ਹੈ ਕਿ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੂੰ ਪੀਐੱਮਐਨਆਰਐਫ ਤੋਂ 2-2 ਲੱਖ ਰੁਪਏ ਦੀ ਐਕਸ-ਗਰੇਸ਼ੀਆ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਜ਼ਖਮੀਆਂ ਨੂੰ 50,000 ਰੁਪਏ ਦੀ ਮੁਆਵਜ਼ਾ ਰਾਸ਼ੀ ਦਿੱਤੀ ਜਾਵੇਗੀ।’

## ਮਦਰ ਡੇਅਰੀ ਦਾ ਦੁੱਧ 2 ਰੁਪਏ ਪ੍ਰਤੀ ਲਿਟਰ ਤੱਕ ਮਹਿੰਗਾ ਹੋਇਆ

**ਨਵੀਂ ਦਿੱਲੀ।** ਪ੍ਰਮੁੱਖ ਦੁੱਧ ਸਪਲਾਇਰ ਮਦਰ ਡੇਅਰੀ ਨੇ ਵਧਦੇ ਲਾਗਤ ਖਰਚਿਆਂ ਨੂੰ ਅੰਸ਼ਕ ਤੌਰ ’ਤੇ ਪੂਰਾ ਕਰਨ ਲਈ ਦੁੱਧ ਦੀਆਂ ਕੀਮਤਾਂ ਵਿਚ 2 ਰੁਪਏ ਪ੍ਰਤੀ ਲਿਟਰ ਤੱਕ ਦਾ ਵਾਧਾ ਕੀਤਾ ਹੈ। ਜ਼ਿਕਰਯੋਗ ਹੈ ਕਿ ਮਦਰ ਡੇਅਰੀ ਆਪਣੇ ਆਊਟਲੇਟ, ਆਮ ਵਪਾਰ ਅਤੇ ਈ-ਕਾਮਰਸ ਪਲੇਟਫਾਰਮਾਂ ਰਾਹੀਂ ਦਿੱਲੀ-ਐਨਸੀਆਰ ਬਾਜ਼ਾਰ ਵਿਚ ਪ੍ਰਤੀ ਦਿਨ ਲਗਭਗ 35 ਲੱਖ ਲਿਟਰ ਦੁੱਧ ਵੇਚਦੀ ਹੈ।

# ਆਂਧਰਾ ਪ੍ਰਦੇਸ਼: ਮੰਦਰ ਦੀ ਕੰਧ ਡਿੱਗਣ ਕਾਰਨ 7 ਮੌਤਾਂ, ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਮੁਆਵਜ਼ੇ ਦਾ ਐਲਾਨ



**ਵਿਸ਼ਾਖਾਪਟਨਮ।** ਇੱਥੇ ਸਿਮਹਾਚਲਮ ਵਿਚ ਸ੍ਰੀ ਵਰਾਹ ਲਕਸ਼ਮੀ ਨਰਸਿਮਹਾ ਸਵਾਮੀ ਮੰਦਰ ਵਿਚ ਮੀਂਹ ਕਾਰਨ ਕੰਧ ਡਿੱਗਣ ਨਾਲ ਸੱਤ ਵਿਅਕਤੀਆਂ ਦੀ ਮੌਤ ਹੋ ਗਈ। ਸਰਕਾਰ ਨੇ ਕਿਹਾ ਕਿ ਸਵੇਰੇ 3 ਵਜੇ ਦੇ ਕਰੀਬ ਸਿਮਹਾਗਿਰੀ ਬੱਸ ਸਟੈਂਡ ਤੋਂ ਘਾਟ ਰੋਡ ’ਤੇ ਸ਼ਾਪਿੰਗ ਕੰਪਲੈਕਸ ਦੇ ਟਿਕਟ ਲਈ ਲੱਗੀ ਕਤਾਰ ’ਤੇ ਕੰਧ ਡਿੱਗਣ ਨਾਲ ਸੱਤ ਵਿਅਕਤੀਆਂ ਦੀ ਮੌਤ ਹੋ ਗਈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ ਚੰਦਰਬਾਬੂ ਨਾਇਡੂ ਸਮੇਤ ਹੋਰਾਂ ਨੇ ਇਸ ਘਟਨਾ ’ਤੇ ਦੁੱਖ ਪ੍ਰਗਟ ਕੀਤਾ। ਕੇਂਦਰ ਅਤੇ ਸੂਬਾ ਸਰਕਾਰ ਦੋਵਾਂ ਨੇ ਘਟਨਾ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਰਾਸ਼ੀ ਦਾ ਐਲਾਨ ਕੀਤਾ ਹੈ। ਮੌਕੇ ’ਤੇ ਮੌਜੂਦ ਸੂਬੇ ਦੇ ਗ੍ਰਹਿ ਮੰਤਰੀ ਵੀ. ਅਨੀਤਾ ਨੇ ਕਿਹਾ ਕਿ ਮੁੱਢਲੀਆਂ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਮੰਦਰ ਦੀ ਕੰਧ ਡਿੱਗਣ ਦੀ ਘਟਨਾ ਇਲਾਕੇ ਵਿੱਚ ਭਾਰੀ ਮੀਂਹ ਕਾਰਨ ਮਿੱਟੀ ਕਮਜ਼ੋਰ ਹੋਣ ਕਾਰਨ ਹੋਈ ਸੀ। ਸਰਕਾਰੀ ਸੂਤਰਾਂ ਅਨੁਸਾਰ ਇਕ ਵਿਅਕਤੀ ਜ਼ਖਮੀ ਹੋਇਆ ਹੈ। ਇਕ ਅਧਿਕਾਰਤ ਬਿਆਨ ਵਿਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਨੇ ਟੈਲੀਕਾਨਫਰੰਸ ਰਾਹੀਂ ਸਥਿਤੀ ਦਾ ਜਾਇਜ਼ਾ ਲਿਆ ਅਤੇ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੂੰ 25-25 ਲੱਖ ਰੁਪਏ ਅਤੇ ਜ਼ਖਮੀਆਂ ਨੂੰ 3-3 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਦਾ ਐਲਾਨ ਕੀਤਾ। ਹਰੇਕ ਪੀੜਤ ਦੇ ਪਰਿਵਾਰਕ ਮੈਂਬਰ ਨੂੰ ਐਂਡੋਮੈਂਟਸ ਵਿਭਾਗ ਅਧੀਨ ਮੰਦਰਾਂ ਵਿੱਚ ਆਊਟਸੋਰਸਿੰਗ ਨੌਕਰੀ ਪ੍ਰਦਾਨ ਕੀਤੀ ਜਾਵੇਗੀ।ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੀੜਤਾਂ ਲਈ ਸੋਗ ਪ੍ਰਗਟ ਕੀਤਾ। ਉਨ੍ਹਾਂ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੂੰ ਫ੍ਰੰਢ ਤੋਂ 2 ਲੱਖ ਰੁਪਏ ਅਤੇ ਜ਼ਖਮੀਆਂ ਨੂੰ 50,000 ਰੁਪਏ ਦੀ ਮੁਆਵਜ਼ਾ ਰਾਸ਼ੀ ਦਾ ਐਲਾਨ ਵੀ ਕੀਤਾ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸਰਕਾਰੀ ਪ੍ਰਾਇਮਰੀ ਸਕੂਲ ਬਖੋਪੀਰ ਵਿਖੇ ਦਿਲਸ਼ਾਦ ਅਲੀ ਅਤੇ ਹਰਮਨਪ੍ਰੀਤ ਦੀ ਯਾਦ ਵਿੱਚ ਕਰਾਇਆ ਗਿਆ ਸਲਾਨਾ ਇਨਾਮ ਵੰਡ ਸਮਾਰੋਹ









**ਸੰਦੀਪ ਸਿੰਘ ਬਖੋਪੀਰ (ਸਮਾਜ ਵੀਕਲੀ)** ਸੀ.ਐਚ.ਟੀ ਟੀਚਰ ਗੁਰਜੀਤ ਸਿੰਘ ਜੀ ਦੀ ਯੋਗ ਅਗਵਾਈ ਸਦਕਾ ਬੀਤੇ ਦਿਨੀਂ, ਸਰਕਾਰੀ ਪ੍ਰਾਇਮਰੀ ਸਕੂਲ ਬਖੋਪੀਰ ਵਿਖੇ ਸਕੂਲ ਦੇ ਦੋ, ਵਿਦਿਆਰਥੀ ਦਿਲਸ਼ਾਦ ਅਲੀ ਅਤੇ ਹਰਮਨਪ੍ਰੀਤ ਸਿੰਘ ਨੂੰ ਬੀਤੇ ਦਿਨਾਂ ਵਿੱਚ ਦੋ ਵੱਖ-ਵੱਖ ਰੋਡ ਹਾਦਸਿਆਂ ਵਿੱਚ ਸਦੀਵੀ ਵਿਛੋੜਾ ਦੇ ਜਾਣ ਤੇ ਸਰਧਾਂਜਲੀ ਅਰਪਣ ਕਰਦਿਆਂ ਸਕੂਲ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ,ਤੇ ਭੋਗ ਪਾਏ ਗਏ,ਇਸ ਸਨਮਾਨ ਸਮਾਗਮ ਦੇ ਮੁੱਖ ਮਹਿਮਾਨ ਜ਼ਿਲ੍ਹਾ ਸੰਗਰੂਰ ਦੇ ਉਪ ਸਿੱਖਿਆ ਅਫ਼ਸਰ ਮੈਡਮ ਰਵਿੰਦਰ ਕੌਰ ਛਤਬਾਲ ਜੀ ਸਨ ਉਹਨਾਂ ਨਾਲ ਬਲਾਕ ਸਿੱਖਿਆ ਅਫਸਰ ਗੋਪਾਲ ਕ੍ਰਿਸ਼ਨ ਸ਼ਰਮਾ ਜੀ ਵੀ ਉਚੇਚੇ ਤੌਰ ਤੇ ਪੁੱਜੇ ,ਜ਼ਿਲ੍ਹੇ ਦੇ ਉਪ ਸਿੱਖਿਆ ਅਫ਼ਸਰ ਸਹਿਬਾਨ ਅਤੇ ਬੀ.ਪੀ.ਓ ਸਾਹਿਬ ਵੱਲੋਂ ਦਿਲਸ਼ਾਦ ਅਲੀ ਅਤੇ ਹਰਮਨ ਪ੍ਰੀਤ ਨੂੰ ਨਿੱਘੀ ਸ਼ਰਧਾਂਜਲੀ ਅਰਪਣ ਕਰਨ ਉਪਰੰਤ ਗੁਰੂ ਕੇ ਲੰਗਰ ਵਰਤਾਏ ਗਏ ਅਤੇ ਫਿਰ ਬਲਾਕ ਭਵਾਨੀਗੜ੍ਹ -2 ਦੇ ਕਲੱਸਟਰ ਅਧੀਨ ਆਉਂਦੇ ਪੰਜਵੀਂ ਜਮਾਤ ਵਿੱਚੋਂ ਚੰਗੀ ਕਾਰਜ਼ ਗੁਜਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਦਾ ਹਰ ਸਾਲ ਦੀ ਤਰ੍ਹਾਂ ਸਨਮਾਨ ਕੀਤਾ ਗਿਆ , ਨਗਰ ਪੰਚਾਇਤ ਬਖੋਪੀਰ ਦੀ ਮੌਜੂਦਗੀ ਵਿੱਚ ਸੜਕ ਹਾਦਸੇ ਵਿੱਚ ਵਿਛੜੇ ਦਿਲਸ਼ਾਦ ਅਲੀ ਦੇ ਇਸ ਸਾਲ ਪੰਜਵੀਂ ਜਮਾਤ ਵਿੱਚੋਂ ਫਸਟ ਆਉਣ ਤੇ ਉਹਨਾਂ ਦੇ ਮਾਪਿਆਂ ਨੂੰ ਸਨਮਾਨਿਤ ਕੀਤਾ, ਤੇ ਕਲੱਸਟਰ ਦੇ ਅਧੀਨ ਆਉਂਦੇ ਹੋਰ ਵਿਦਿਆਰਥੀਆਂ ,ਅਧਿਆਪਕਾਂ ਅਤੇ ਮਾਪਿਆਂ ਦਾ ਵਿਸ਼ੇਸ਼ ਸਨਮਾਨ ਕੀਤਾ, ਬੀਂਬੜ ਤੋਂ ਸਰਪੰਚ ਸਰਦਾਰ ਗੁਰਪ੍ਰੀਤ ਸਿੰਘ ਜੀ ਨੂੰ ਪਿੰਡ ਦੇ ਦੋ ਸ਼ਮਸ਼ਾਨਘਾਟਾਂ ਨੂੰ ਇੱਕ ਕਰਨ ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ, ਸਿੱਖਿਆ ਕ੍ਰਾਂਤੀ ਪ੍ਰੋਜੈਕਟ ਦੇ ਤਹਿਤ ਕੰਮ ਕਰ ਰਹੇ ਸਾਰੇ ਹੀ ਮੱਲਾਂ ਮਾਰਨ ਵਾਲੇ ਅਧਿਆਪਕ ਸਾਹਿਬਾਨਾਂ ਦਾ ਵੀ ਸਨਮਾਨ ਕੀਤਾ ਗਿਆ, ਇਸ ਸਨਮਾਨ ਸਮਾਗਮ ਵਿੱਚ ਪਿੰਡ ਦੇ ਹੀ ਪੰਜਾਬੀ ਅਧਿਆਪਕ ਸੰਦੀਪ ਸਿੰਘ ਬਖੋਪੀਰ, ਸੁਖਵਿੰਦਰ ਸਿੰਘ ਬਿਜਲੀ ਬੋਰਡ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਸਿੱਖਿਆ ਅਫ਼ਸਰ ਸਾਹਿਬਾਨਾਂ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੀਆਂ ਪ੍ਰਾਪਤੀਆਂ ਮਾਪਿਆਂ ਨਾਲ ਸਾਂਝੀਆਂ ਕੀਤੀਆਂ ਗਈਆਂ ਅਤੇ ਸਰਕਾਰੀ ਸਕੂਲ ਵਿੱਚ ਆਪੋ ਆਪਣੇ ਬੱਚਿਆਂ ਦੇ ਉਜਲੇ ਭਵਿੱਖ ਲਈ ਦਾਖ਼ਲ ਕਰਵਾਉਣ ਲਈ ਬੇਨਤੀ ਕੀਤੀ ਗਈ, ਇਸ ਸਨਮਾਨ ਸਮਾਗਮ ਵਿੱਚ ਮੰਚ ਸੰਚਾਲਨ ਕੁਲਵੰਤ ਸਿੰਘ ਖਨੌਰੀ ਜੀ ਵੱਲੋਂ ਕੀਤਾ ਗਿਆ, ਮੌਕੇ ਉੱਤੇ ਸੀ.ਐਚ.ਟੀ ਗੁਰਜੀਤ ਸਿੰਘ, ਜਗਦੇਵ ਸਿੰਘ, ਕੁਲਵੰਤ ਸਿੰਘ, ਐਚ.ਟੀ, ਸਤਪਾਲ ਸਿੰਘ ਸਵਿੰਦਰ ਕੌਰ, ਅਮਨਦੀਪ, ਕਰਮਜੀਤ ਸਿੰਘ ਸਵਰਨ ਸਿੰਘ ਪਿੰਡ ਬਖੋਪੀਰ ਦੇ ਮੌਜੂਦਾ ਸਰਪੰਚ ਜਗਤਾਰ ਸਿੰਘ ਸਾਬਕਾ ਸਰਪੰਚ ਕੁਲਵੰਤ ਸਿੰਘ ਅਮਰਜੀਤ ਸਿੰਘ, ਹਰਵਿੰਦਰ ਸਿੰਘ ਮੈਡਮ ਪ੍ਰਦੀਪ ਕੌਰ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਮੈਡਮ ਮਹਿੰਦਰ ਪਾਲ ਕੌਰ ਜੀ ਮੌਜੂਦ ਸਨ।

# ਸੀਵਰੇਜ ਸਮੱਸਿਆ ਹੱਲ ਨਾ ਹੋਣ 'ਤੇ ਡੀ.ਸੀ. ਨੂੰ ਮਿਲੇ ਸ਼ਿਵ ਸ਼ਕਤੀ ਇਨਕਲੇਵ ਨਿਵਾਸੀ

## ਉਛਲ ਕੇ ਕਈ ਘਰਾਂ ਵਿੱਚ ਵੜਿਆ ਗੰਦਾ ਪਾਣੀ



**ਰੋਪੜ (ਗੁਰਬਿੰਦਰ ਸਿੰਘ ਰੋਮੀ):** ਸ਼ਿਵ ਸ਼ਕਤੀ ਇਨਕਲੇਵ, ਰੈਲੋਂ ਰੋਡ, ਰੋਪੜ ਦੇ ਵਸਨੀਕ ਪਿਛਲੇ ਕਈ ਮਹੀਨਿਆਂ ਤੋਂ ਸੀਵਰੇਜ ਦਾ ਗੰਦ ਗਲੀਆਂ ਵਿੱਚ ਉਛਲਣ ਕਾਰਨ ਡਾਹਢੇ ਪ੍ਰੇਸ਼ਾਨ ਹਨ। ਪੀੜਤਾਂ ਵਿੱਚੋਂ ਤੇਜਵੰਸ਼ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਦੀ ਸਥਿਤੀ ਤਾਂ ਗੰਦ ਅੰਦਰ ਤੱਕ ਫੈਲ ਜਾਣ ਕਾਰਨ ਰਹਿਣਯੋਗ ਵੀ ਨਹੀਂ ਰਹੀ। ਜਿਸ ਕਾਰਨ ਉਹਨਾਂ ਨੂੰ ਮਜਬੂਰਨ ਆਪਣੇ ਪਰਿਵਾਰਕ ਮੈਂਬਰਾਂ ਨਾਲ਼ ਰਿਸ਼ਤੇਦਾਰੀਆਂ ਵਿੱਚ ਜਾ ਕੇ ਰਹਿਣਾ ਪੈ ਰਿਹਾ ਹੈ। ਉਕਤ ਮਸਲੇ ਸਬੰਧੀ ਕਲੋਨੀ ਵਾਸੀ ਸਬੰਧਤ ਅਧਿਕਾਰੀਆਂ ਨੂੰ ਸ਼ਿਕਾਇਤ/ਬੇਨਤੀ ਵੀ ਕਰ ਚੁੱਕੇ ਪਰ ਸਮੱਸਿਆ ਅਜੇ ਵੀ 'ਜਿਉਂ ਦੀ ਤਿਉਂ' ਹੈ। ਅੱਜ ਇਸ ਮਸਲੇ ਦਾ ਢੁੱਕਵਾਂ ਹੱਲ ਨਾ ਹੋਣ ਤੋਂ ਨਿਰਾਸ਼ ਕਲੋਨੀ ਵਾਸੀਆਂ ਨੇ ਵਰਜੀਤ ਵਾਲੀਆ, ਡਿਪਟੀ ਕਮਿਸ਼ਨਰ, ਰੋਪੜ ਕੋਲ਼ ਪਹੁੰਚ ਕੀਤੀ ਅਤੇ ਲਿਖਤੀ ਬੇਨਤੀ ਪੱਤਰ ਦਿੱਤਾ। ਇਸ ਮੌਕੇ ਮਨਦੀਪ ਸਿੰਘ, ਹਰਦੀਪ ਸਿੰਘ, ਗੁਰਮੀਤ ਸਿੰਘ ਅਤੇ ਕੁਲਦੀਪ ਸਿੰਘ ਹਾਜਰ ਸਨ।

ਕੋਟਿ ਕੋਟਿ ਧੰਨਵਾਦ ਜਿਨ੍ਹਾਂ ਸਾਥੀਆਂ ਨੇ ਫਗਵਾੜਾ ਵਿਖੇ ਫੂੱਲੇ ਫਿਲਮ ਦੇਖੀ ਅਸੀਂ ਇਕ ਸ਼ੋ ਦਾ ਸੋਚਿਆ ਸੀ ਪਰ ਤੁਹਾਡੇ ਭਰਵੇਂ ਹੁੰਗਾਰੇ ਕਾਰਨ ਤਿੰਨ ਸ਼ੋ ਚਲੇ ,ਪਰ ਜਿੰਨੀ ਗਿਣਤੀ ਚ ਸਾਡਾ ਸਮਾਜ ਹੈ ਇਸ ਤਰ੍ਹਾਂ ਦੀਆਂ ਫਿਲਮਾਂ ਤਾਂ ਇਕ ਮਹੀਨਾ ਹਾਊਸ ਫੂੱਲ ਰਹਿਣੀਆਂ ਚਾਹੀਦੀਆਂ ਹਨ ਚਲੋ ਕੋਸ਼ਿਸ਼ ਜ਼ਾਰੀ ਹੈ ਫਿਰ ਇਕ ਵਾਰ ਅੰਬੇਡਕਰ ਸੈਨਾ ਮੂਲਨਿਵਾਸੀ ਵਲੋ ਦਿਲ ਦੀਆਂ ਗਹਿਰਾਈਆਂ ਤੋਂ ਪੂਰੇ ਪੰਜਾਬ ਚ ਉਨਾਂ ਸੱਭ ਸਾਥੀਆਂ ਦਾ ਧੰਨਵਾਦ ਜਿਨ੍ਹਾਂ ਨੇ ਇਹ ਫ਼ਿਲਮ ਦੇਖੀ ਅਤੇ ਇਸ ਨੂੰ ਦਿਖਾਉਣਾ ਆਪਣਾ ਫ਼ਰਜ਼ ਸਮਜਿਆ
**(ਹਰਭਜਨ ਸੁਮਨ)**



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਫਿਰੋਜ਼ਪਰ ਜੋਨ ਦੇ ਸਕੱਤਰ ਅਵਤਾਰ ਸਿੰਘ ਸਾਬੂਆਣਾ ਨੂੰ ਸਦਮਾ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਫਿਰੋਜ਼ਪਰ ਵਿਖੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਫਿਰੋਜ਼ਪੁਰ ਜੋਨ ਦੇ ਸਕੱਤਰ ਅਵਤਾਰ ਸਿੰਘ ਸਾਬੂਆਣਾ ਨੂੰ ਸਦਮਾ ਪਿਤਾ ਦਾ ਦੇਹਾਂਤ ਸ੍ਰ: ਸਰਵਨ ਸਿੰਘ ਸਾਬੂਆਣਾ ਅੱਜ ਇਸ ਦੁਨੀਆਂ ਤੋਂ ਅਲਵਿਦਾ ਹੋ ਗਏ ਹਨ । ਉਹਨਾਂ ਦਾ ਅੰਤਿਮ ਸਸਕਾਰ ਕੀਤਾ ਗਿਆ । ਸ਼ਰਧਾ ਦੇ ਫੁੱਲ



ਪੇਂਟ ਕਰਨ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਫਿਰੋਜ਼ਪੁਰ ਜੋਨ ਦੇ ਪ੍ਰਧਾਨ ਗੁਰਮੇਲ ਸਿੰਘ ਫੌਜੀ, ਕੇਵਲ ਸਿੰਘ, ਸੁਖਜਿੰਦਰ ਸਿੰਘ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ ਆਗੂਆਂ ਨੇ ਜੀਆ ਬੱਗਾ, ਸੁਰਜੀਤ ਸਿੰਘ ਸ਼ਰਧਾਂਜਲੀ ਦਿੱਤੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਅਮਰੀਕਾ ਦੇ ਰੀਨੋ ਸ਼ਹਿਰ ਵਿਚ ਡਾ. ਬੀ. ਆਰ. ਅੰਬੇਡਕਰ ਜੀ ਦਾ 134ਵਾਂ ਜਨਮ ਦਿਵਸ ਮਨਾਇਆ

## ਭਾਰਤੀ ਸੰਵਿਧਾਨ ਦੇ ਲਾਗੂ ਹੋਣ ਨਾਲ ਸਮਾਨਤਾ, ਸੁਤੰਤਰਤਾ, ਭਾਈਚਾਰੇ ਅਤੇ ਨਿਆਂ ਦਾ ਅਧਿਕਾਰ ਮਿਲਿਆ – ਪੈਂਥਰ

**ਕਪੂਰਥਲਾ (ਕੌੜਾ)–** ਅਮਰੀਕਾ ਦੇ ਰੀਨੋ ਸ਼ਹਿਰ ਵਿਚ ਅੰਬੇਡਕਰੀ ਸਾਥੀਆਂ ਨੇ ਮਿਲ ਕੇ ਕਰੋੜਾਂ ਲੋਕਾਂ ਦੇ ਮਸੀਹਾ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਗਿਆਨ ਦੇ ਪ੍ਰਤੀਕ ਅਤੇ ਨਾਰੀ ਜਾਤੀ ਦੇ ਮੁਕਤੀਦਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦਾ 134ਵਾਂ ਜਨਮ ਦਿਵਸ ਅਰਿਸਟੋਟਲ ਚੁੰਬਰ ਦੇ ਗ੍ਰਹਿ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਦੀ ਪ੍ਰਧਾਨਗੀ ਹਰਜਿੰਦਰ ਸਿੰਘ ਬੀਕਾ, ਸ਼੍ਰੀ ਭਗਤ ਰਾਮ ਲੱਧੜ ਅਤੇ ਧਰਮ ਪਾਲ ਪੈਂਥਰ ਨੇ ਸਾਂਝੇ ਤੌਰ ਤੇ ਕੀਤੀ ਗਈ। ਮੰਚ ਸੰਚਾਲਨ ਦੀ ਭੂਮਿਕਾ ਪੂਨਮ ਲੱਧੜ ਨੇ ਨਿਭਾਉਂਦੇ ਹੋਏ ਸਾਰੇ ਮਹਿਮਾਨਾਂ ਅਤੇ ਸਰੋਤਿਆਂ ਜੀ ਆਇਆ ਕਿਹਾ। ਇਸ ਮੌਕੇ ਤੇ ਸ਼੍ਰੀ ਹਰਜਿੰਦਰ ਸਿੰਘ ਬੀਕਾ ਨੇ ਕੈਂਡਲ ਜਗਾ ਕੇ ਬਾਬਾ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਨੇ ਤੰਗੀਆਂ ਤੁਰਸ਼ੀਆਂ ਨੂੰ ਸਹਿਣ ਉਪਰੰਤ ਉੱਚ ਪੱਧਰ ਦੀ ਪੜ੍ਹਾਈ ਕਰਕੇ ਦੁਨੀਆਂ ਦੇ ਮਹਾਨ ਵਿਦ-ਵਾਨ ਬਣੇ ਸਨ। ਉਨ੍ਹਾਂ ਨੇ ਸਮਾਜ ਦੀ ਪੀੜਾ ਨੂੰ ਬਹੁਤ ਹੀ ਕਰੀਬ ਤੋਂ ਦੇਖਿਆ ਅਤੇ ਆਪਣੇ ਪਿੰਡੇ ਤੇ ਹੰਡਾਇਆ। ਜੇਕਰ ਅੱਜ ਅਸੀਂ ਅਮਰੀਕਾ ਵਿੱਚ ਵਧੀਆ ਜ਼ਿੰਦਗੀ ਗੁਜਰ ਰਹੇ ਹਾਂ ਤਾਂ ਇਹ ਬਾਬਾ ਸਾਹਿਬ ਦੀ ਬਦੌਲਤ ਹੈ। ਇਸ ਮੌਕੇ ਤੇ ਧਰਮ



ਪਾਲ ਪੈਂਥਰ ਨੇ ਹਾਜ਼ਰੀਨ ਨੂੰ ਬਾਬਾ ਸਾਹਿਬ ਜੀ ਦੇ ਜਨਮ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਬਾਬਾ ਸਾਹਿਬ ਤੋਂ ਪਹਿਲਾਂ ਜਿਹੜੇ ਲੋਕ ਕਦੇ ਸਕੂਲਾਂ ਵਿੱਚ ਪੜ੍ਹ ਨਹੀਂ ਸੀ ਸਕਦੇ ਅੱਜ ਮਾਸਟਰ ਬਣਕੇ ਪੜ੍ਹਾ ਰਹੇ। ਜਿਹੜੇ ਲੋਕ ਕੋਰਟ ਕਚਿਹਰੀਆਂ ਅੰਦਰ ਗਵਾਹੀ ਨਹੀਂ ਸੀ ਦੇ ਸਕਦੇ ਉਹ ਜੱਜ, ਵਕੀਲ ਬਣਕੇ ਫੈਸਲੇ ਸੁਣਾ ਰਹੇ ਹਨ। ਜਿਹਨਾਂ ਲੋਕਾਂ ਦੀ ਕੋਈ ਵੋਟ ਨਹੀਂ ਸੀ ਹੁੰਦੀ, ਪਿੰਡ ਦਾ ਪੰਚ ਨਹੀਂ ਸੀ ਬਣ ਸਕਦਾ ਅੱਜ ਮੰਤਰੀ, ਮੁੱਖ ਮੰਤਰੀ ਅਤੇ ਦੇਸ਼ ਦੇ ਉੱਚ ਅਹੁਦਿਆਂ ਤੇ ਬਿਰਾਜਮਾਨ ਹਨ। ਜਿਨ੍ਹਾਂ ਲੋਕਾਂ ਕੋਲ ਇੱਕ ਇੰਚ ਜ਼ਮੀਨ ਨਹੀਂ ਸੀ ਅੱਜ ਉਹ ਮਹਿੰਗੇ ਸ਼ਹਿਰਾਂ ਵਿੱਚ ਕੋਠੀਆਂ ਦੇ ਮਾਲਕ, ਵੱਡੇ ਵੱਡੇ ਵਪਾਰੀ ਅਤੇ ਮਹਿੰਗੀਆਂ ਗੱਡੀਆਂ ਰੱਖੀਆਂ ਹੋਈਆਂ ਹਨ ਇਹ ਸਿਰਫ ਸਿਰਫ ਬਾਬਾ ਸਾਹਿਬ ਜੀ ਦੇ 40 ਸਾਲ ਦੇ ਸੰਘਰਸ਼ ਦੀ ਬਦੌਲਤ ਹੋਇਆ ਹੈ। ਭਾਰਤੀ ਸੰਵਿਧਾਨ ਦੇ ਲਾਗੂ ਹੋਣ ਨਾਲ ਹਜਾਰਾਂ ਸਾਲਾਂ ਤੋਂ ਸਮਾਜ ਵੱਲੋਂ ਦੁਰਕ-ਾਰੇ ਲੋਕਾਂ ਨੂੰ ਸਮਾਨਤਾ, ਸੁਤੰਤਰਤਾ, ਭਾਈਚਾਰੇ ਅਤੇ ਨਿਆਂ ਦਾ ਅਧਿਕਾਰ ਮਿਲਿਆ। ਸ਼੍ਰੀ ਭਗਤ ਰਾਮ ਲੱਧੜ ਅਤੇ ਮੈਡਮ ਜਸਵੀਰ ਕੌਰ ਸੰਧੂ ਨੇ ਕਿਹਾ ਕਿ ਸਾਡੇ ਲਈ ਇਹ ਮਾਣ ਦੀ ਗੱਲ ਹੈ ਕਿ ਅਸੀਂ ਉਸ ਮਹਾਨ ਸ਼ਖਸ਼ੀਅਤ ਨੂੰ ਯਾਦ ਕਰ ਰਹੇ ਹਾਂ ਜਿਸਨੇ ਸਾਨੂੰ ਸਿੱਖਿਅਤ ਬਣੋ, ਸੰਘਰਸ਼ ਕਰੋ ਅਤੇ ਇੱਕਠੇ ਰਹੋ ਦਾ ਸੰਦੇਸ਼ ਅਤੇ ਸਾਡੀਆਂ ਗੁਲਾਮੀ ਦੀਆਂ ਬੇੜੀਆਂ ਨੂੰ ਤੋੜ ਕੇ ਮਾਣ ਸਨਮਾਨ ਦੀ ਜ਼ਿੰਦਗੀ ਜਿਊਣ ਦਾ ਮੌਕਾ ਦਿੱਤਾ। ਸ਼੍ਰੀ ਅਰਿਸਟੋਟਲ ਚੁੰਬਰ ਨੇ ਸਭ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਰੀਨੋ ਤੋਂ ਇਲਾਵਾ ਆਸ ਪਾਸ ਦੇ ਸ਼ਹਿਰਾਂ ਵਿੱਚ ਵੱਸਣ ਵਾਲੇ ਪਰਿਵਾਰਾਂ ਨਾਲ ਸੰਪਰਕ ਕਰਕੇ ਵੱਡੇ ਸਮਾਗਮ ਕਰਵਾਏ ਜਾਣਗੇ। ਇਸ ਮੌਕੇ ਤੇ ਚੁੰਬਰ ਪਰਿਵਾਰ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਸਮਾਗਮ ਨੂੰ ਸਫਲ ਬਣਾਉਣ ਲਈ ਅਜੇ ਕੁਮਾਰ ਲੱਧੜ, ਉਂਕਾਰ ਚੰਦ ਬਸਰਾ, ਜੋਯਤੀ, ਸੁਮਨ ਬਾਲਾ, ਕਸ਼ਮੀਰ ਕੌਰ, ਨਮੀਸ਼ਾ ਚੁੰਬਰ, ਪਾਲ ਕੌਰ,ਅਨਮੋਲ, ਰਾਜ ਕੁਮਾਰ ਸੰਧੂ ਅਤੇ ਰਾਜਿੰਦਰ ਕੌਰ ਸੰਧੂ ਆਦਿ ਨੇ ਅਹਿਮ ਭੂਮਿਕਾ ਨਿਭਾਈ।

# ਪਾਵਰਕੌਮ ਟਰਾਸਕੋ ਆਊਟਸੋਰਸ ਵਰਕਰ ਯੂਨੀਅਨ ਏਟਕ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਹਰਵਿੰਦਰ ਸ਼ਰਮਾਂ ਦੀ ਪ੍ਰਧਾਨਗੀ ਹੇਠ ਹੋਈ

**ਫ਼ਰੀਦਕੋਟ (ਸਮਾਜ ਵੀਕਲੀ)** ਪਾਵਰਕੌਮ ਟਰਾਸਕੋ ਆਊਟਸੋਰਸ ਵਰਕਰ ਯੂਨੀਅਨ ਏਟਕ ਪੰਜਾਬ ਦੀ ਮੀਟਿੰਗ ਪਾਵਰਕਾਮ ਦੇ ਹੈੱਡ ਆਫ਼ਿਸ ਪਟਿਆਲਾ ਵਿਖੇ ਬਾਅਦ ਦੁਪਹਿਰ 12:30 ਵਜ਼ੇ ਤੋਂ 01:30 ਵਜ਼ੇ ਤੱਕ ਹੋਈ,ਜਿਸ ਵਿੱਚ ਸ਼੍ਰੀ ਜਸਵੀਰ ਸਿੰਘ ਸੁਰ ਸਿੰਘ ਵਾਲਾ ਮਾਨਯੋਗ ਡਾਇਰੈਕਟਰ/ਪ੍ਰਬੰਧਕੀ, ਪੀਐਸਪੀਸੀਐਲ, ਸ਼੍ਰੀ ਰਣਬੀਰ ਸਿੰਘ, ਮੈਨੇਜ਼ਰ/ਆਈ ਆਰ, ਮੁੱਖ ਦਫ਼ਤਰ ਪਟਿਆਲਾ ਅਤੇ ਪਾਵਰਕੌਮ ਟਰਾਸਕੋ ਆਊਟਸੋਰਸ ਵਰਕਰ ਯੂਨੀਅਨ ਏਟਕ ਪੰਜਾਬ ਦੇ ਸੂਬਾ ਪ੍ਰਧਾਨ ਹਰਵਿੰਦਰ ਸਰਮਾ ਫਰੀਦਕੋਟ ਦੀ ਪ੍ਰਧਾਨਗੀ ਹੇਠ ਹੋਈ , ਤੇ ਮੀਟਿੰਗ ਵਿੱਚ ਮੰਗ ਪੱਤਰ ਵਿੱਚ ਦਰਜ਼ ਲੜੀਵਾਰ ਮੰਗਾਂ ਨੂੰ ਲੈ ਕੇ ਵਿਸਥਾਰ-ਪੂਰਵਕ ਵਿਚਾਰ-ਚਰਚਾ ਕੀਤੀ ਗਈ ਕੁੱਝ ਇਹਨਾਂ ਮੰਗਾਂ ਵਿੱਚੋਂ ਜਿਵੇ ਮਹਿਕਮੇ ਵਿੱਚ ਮਰਜ ਕਰਕੇ ਪੱਕੇ ਕਰਨ ਸਬੰਧੀ ਗੱਲਬਾਤ ਹੋਈ ਜਿਸ ਵਿੱਚ ਉਨ੍ਹਾਂ ਵੱਲੋਂ ਕਿਹਾ ਗਿਆ ਕਿ ਇਹ ਮੰਗ ਅੰਡਰ ਪਰਸੈਸ ਹੈ ਡਾਟਾ ਇਕੱਠਾ ਹੋ ਗਿਆ ਹੈ ਲਾਗੂ ਹੋਣਾ ਬਾਕੀ ਹੈ ਵਿਚੋਲਾ ਗਿਰੀ ਖਤਮ ਕਰਨ ਤੇ ਥੋੜਾ ਸਮਾਂ ਜਰੂਰ ਲੱਗਦਾ ਹੈ ਕਿ ਕਾਨੂੰਨੀ ਅੜਚਨਾਂ ਨਾ ਪੈਦਾ ਹੋਣ ਕਿ ਤੁਹਾਨੂੰ ਇਕੋ ਵਾਰ ਵਿੱਚ ਪੱਕੇ ਕਰਨ ਦੋਰਾਨ ਕਿਸੇ ਕਮੀਆਂ ਕਾਰਨ ਕੋਰਟ ਕਚਹਿਰੀਆਂ ਦੇ ਚੱਕਰ ਨਾ ਕੱਟਣੇ ਪੈਣ ਅਤੇ ਦੂਸਰੀ ਤਨਖਾਹ ਵਿੱਚ ਵਾਧਾ ਕਰਨ ਸਬੰਧੀ ਗੱਲਬਾਤ ਕੀਤੀ ਗਈ ਜਿਸ ਦੱਸਿਆ ਗਿਆ



ਸੀ ਕਿ ਤਨਖਾਹ ਵਿੱਚ 10% ਵਾਧਾ ਅਤੇ 5% ਹਰ ਸਾਲ ਤਨਖਾਹ ਵਿੱਚ ਹੋਇਆ ਕਰੇਗਾ ਜੋ ਕਿ 01-04-2025 ਤੋ ਲਾਗੂ ਕਰ ਦਿੱਤਾ ਗਿਆ ਹੈ ਨੂੰ ਜਥੇਬੰਦੀ ਦੇ ਆਗੂਆਂ ਵੱਲੋਂ ਨਕਾਰਿਆ ਗਿਆ ਹੈ ਅਤੇ ਮੈਨੇਜਮੈਟ ਵੱਲੋ ਇਸ ਵਿੱਚ ਵਾਧਾ ਕਰਨ ਦਾ ਭਰੋਸਾ ਦਿਵਾਇਆ ਗਿਆ ਅਤੇ ਜੋ ਡੀਸੀ ਰੇਟ ਵਿੱਚ ਵਾਧਾ ਕੀਤਾ ਗਿਆ ਸੀ ਉਹ ਵੀ 01-04-2025 ਤੋ ਲਾਗੂ ਹੋ ਚੁੱਕਾ ਹੈ ਅਤੇ ਮਿਨੀਮਮ ਵੇਜ ਸਨਿਓਰਟੀ ਵਾਈਜ ਮਿਲੇਗਾ ਤੀਸਰੀ ਮੰਗ ਓਵਰ ਟਾਈਮ ਉਹਨਾਂ ਵੱਲੋ ਕਿਹਾ ਗਿਆ ਹੈ ਕਿ ਓਵਰ ਟਾਈਮ ਲਾਗੂ ਹੋ ਚੁੱਕਾ ਹੈ ਹੈ ਜੋ ਕਿ ਜਲਦੀ ਦਿੱਤਾ ਜਾਵੇਗਾ ਤੇ ਬਾਕੀ ਭੱਤੇ ਬੀ ਓ ਡੀ ਦੀ ਮੀਟਿੰਗ ਬਿਠਾ ਕੇ ਇਜੰਡਾ ਲਗਾ ਕੇ ਜਲਦੀ ਲਾਗੂ ਕਰਾ ਦਿੱਤੇ ਜਾਣਗੇ ਸਕਿਲਡ ,ਅਣ ਸਕਿਡ ਵਰਕਰਾਂ ਨੂੰ ਪੰਜ ਸਾਲਾਂ ਅਤੇ ਦਸ ਸਾਲਾਂ ਤਰੱਕੀ ਅਤੇ ਸਕੇਲ ਦੇਣ ਲਈ ਕਿਰਤ ਵਿਭਾਗ ਵੱਲੋਂ ਪੀ ਐਸ ਪੀ ਸੀ ਐਲ ਦੀ ਮੈਨੇਜਮੈਟ ਨੂੰ ਪੱਤਰ ਜਾਰੀ ਹੋ ਚੁੱਕਾ ਹੈ ਪਾਵਰਕਾਮ ਮੈਨੇਜਮੈਂਟ ਵੱਲੋਂ ਪਾਵਰਕੌਮ ਟਰਾਂਸਕੋ ਆਊਟਸੋਰਸ ਵਰਕਰ ਯੂਨੀਅਨ ਏਟਕ ਦੇ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਤੁਹਾਡੀਆਂ ਮੰਗਾਂ ਜਾਇਜ਼ ਹਨ ਇਨੀਆ ਨਿਗੂਣੀਆ ਤਨਖਾਹਾ ਨਾਲ ਗੁਜ਼ਾਰਾ ਕਰਨਾ ਬਹੁਤ ਔਖਾ ਹੈ ਇਹਨਾਂ ਮੰਗਾਂ ਨੂੰ ਮਦੇ ਨਜਰ ਰਖਦੇ ਹੋਏ ਜਲਦ ਤੋਂ ਜਲਦ ਇਹਨਾਂ ਮੰਗਾਂ ਦਾ ਹੱਲ ਪਹਿਲ ਦੇ ਆਧਾਰ ਕੀਤਾ ਜਾਵੇਗਾ।ਇਸ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਹਰਵਿੰਦਰ ਸਰਮਾ,ਮੁੱਖ ਸਲਾਹਕ-ਾਰ ਮਨਦੀਪ ਸ਼ਰਮਾਂ, ਮੁੱਖ ਸਲਾਹਕਾਰ ਪਾਵਰਕੌਮ ਜਗਦੀਸ ਪਟਿਆਲਾ,ਸੀਨੀਅਰ ਮੀਤ ਪ੍ਰਧਾਨ /ਪ੍ਰਧਾਨ ਪਾਵਰਕੌਮ ਰਾਮ ਦੁਲਾਰ ਚੋਹਾਨ ਪਟਿਆਲਾ, ਮੀਤ ਪ੍ਰਧਾਨ ਗਗਨਦੀਪ ਸਿੰਘ ਪਟਿਆਲਾ, ਸਹਾਇਕ ਵਿੱਤ ਸਕੱਤਰ ਮਨਪ੍ਰੀਤ ਲੁਧਿਆਣਾ , ਪ੍ਰੈਸ ਸਕੱਤਰ /ਜਨਰਲ ਸਕੱਤਰ ਪਾਵਰਕੌਮ ਜਗਦੀਪ ਸਿੰਘ ਧਾਲੀਵਾਲ ਮਾਨਸਾ,ਵਧੀਕ ਜਨਰਲ ਸਕੱਤਰ ਪਾਵਰਕੌਮ ਕੁਲਦੀਪ ਸਿੰਘ ਬਾਗੀ ਸ਼ਾਮਲ ਹੋਏ ।

# ਸਕੂਲ ਦੇ ਮਿਹਨਤੀ ਕਰਮਚਾਰੀਆਂ ਨੂੰ ਤੋਂਫਿਆਂ ਨਾਲ਼ ਨਿਵਾਜ਼ ਕੇ ਮਨਾਇਆ ਗਿਆ ਵਿਸ਼ਵ ਮਜ਼ਦੂਰ ਦਿਵਸ

**( ਸਮਾਜ ਵੀਕਲੀ)** ਸੰਦੀਪ ਸਿੰਘ ਬਖੋਪੀਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿਖੇ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ ਦੇ ਅਸ਼ੀਰਵਾਦ ਤੇ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਦੀ ਯੋਗ ਅਗਵਾਈ ਸਦਕਾ ਸਕੂਲ ਵਿੱਚ ਵਿਸ਼ਵ ਮਜ਼ਦੂਰ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ, ਜਿਸ ਸਬੰਧੀ ਸਕੂਲ ਵਿੱਚ ਸਪੈਸ਼ਲ ਅਸੈਂਬਲੀ ਕਰਵਾਈ ਗਈ,ਜਿਸ ਵਿੱਚ ਬੱਚਿਆਂ ਨੇ ਬਹੁਤ ਸਾਰੀਆਂ ਕਵਿਤਾਵਾਂ,ਲੇਖ, ਅਤੇ, ਭਾਸ਼ਣ ਪੇਸ਼ ਕੀਤੇ, ਪੰਜਾਬੀ ਅਧਿਆਪਕ ਸੰਦੀਪ ਸਿੰਘ ਵੱਲੋਂ ਕਾਮਿਆਂ ਦੇ ਸਤਿਕਾਰ ਸਬੰਧੀ ਦੋ ਕਹਾਣੀਆਂ ਤੇ ਇੱਕ ਭਾਸ਼ਣ ਰਾਹੀਂ ਪੂਰੇ ਵਿਸ਼ਵ ਦੇ ਕਾਮਿਆਂ ਨੂੰ ਸਿਜਦਾ ਕੀਤਾ ਗਿਆ ਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕੀਤੀ ਗਈ ,ਗਿਆਰਵੀਂ ਜਮਾਤ ਦੇ ਸਮੂਹ ਵਿਦਿਆਰਥੀਆਂ ਤੇ ਸਕੂਲ ਮੈਨੇਜਮੈਂਟ ਵੱਲੋਂ ਸਕੂਲ ਦੇ ਟ੍ਰਾਂਸਪੋਰਟ ਅਤੇ ਸਕੂਲ ਅੰਦਰ ਕੰਮ ਕਰਦੇ ਸਮੂਹ ਕਰਮਚਾਰੀਆਂ ਨੂੰ ਤੋਂਹਫੇ ਭੇਟ ਕਰਕੇ ਅੱਜ ਦੇ ਇਸ ਸ਼ੁਭ ਦਿਹਾੜੇ ਨੂੰ







ਮਨਾਇਆ ਗਿਆ, ਮੌਕੇ ਉੱਤੇ ਮੈਨੇਜਰ ਸਰਦਾਰ ਸਰਬਜੀਤ ਸਿੰਘ, ਕਮਲਦੀਪ ਸਿੰਘ, ਪ੍ਰਬੰਧਕ ਡਾਇਰੈਕਟਰ ਡਾ: ਗੁਰਮੀਤ ਸਿੰਘ ਜੀ, ਸੰਦੀਪ ਸਿੰਘ,ਸਨਮੀਤ ਸਿੰਘ, ਹਰਵਿੰਦਰ ਸਿੰਘ, ਗੁਰਜੰਟ ਸਿੰਘ,ਮੈਡਮ ਬਲਜੀਤ ਕੌਰ,ਹਰਗਿੰਦਰ ਕੌਰ, ਸੰਦੀਪ ਕੌਰ ਆਦਿ ਮੌਜੂਦ ਸਨ।

# ਸਰਕਾਰੀ ਸਕੂਲ ਪੋਸੀ 'ਚ ਨਸ਼ਿਆਂ ਖਿਲਾਫ ਜਾਗਰੂਕਤਾ ਕੈਂਪ ਸੰਬੰਧੀ ਐਸ ਐਮ ਓ ਨਾਲ ਮੀਟਿੰਗ ਕੀਤੀ – ਪ੍ਰਧਾਨ ਸਤੀਸ਼ ਕੁਮਾਰ ਸੋਨੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੀ ਟੀਮ ਵੱਲੋਂ ਪੀ. ਐੱਚ. ਸੀ. ਪੋਸੀ ਚ ਜਾ ਕੇ ਐਸ.ਐਮ. ਓ. ਸ. ਰਘਵੀਰ ਸਿੰਘ ਮੁਲਾਕਾਤ ਕੀਤੀ । ਇਸ ਮੁਲਾਕਾਤ ਦਾ ਮੁੱਖ ਮੰਤਵ ਸੁਸਾਇਟੀ ਵਲੋ 3 ਮਈ 2025 ਦਿਨ ਸ਼ਨੀਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੋਸੀ ਵਿੱਚ ਕਰਵਾਏ ਜਾਣ ਵਾਲੇ ਨਸ਼ਿਆਂ ਵਿਰੋਧੀ ਜਾਗਰੂਕਤਾ ਸਮਾਗਮ ਦੀਆਂ ਤਿਆਰੀਆਂ ਦੇ ਮੱਦੇਨਜ਼ਰ ਕੀਤੀ ਗਈ। ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਦੱਸਿਆ ਕਿ ਐਸ.ਐਮ. ਓ. ਸਾਹਿਬ ਨੂੰ ਸੁਸਾਇਟੀ ਵਲੋਂ ਮੁੱਖ ਮਹਿਮਾਨ ਦੇ ਤੌਰ ਤੇ ਸੱਦਾ ਪੱਤਰ ਦੇਣ ਲਈ ਮੁਲਾਕਾਤ ਕੀਤੀ ਹੈ। ਇਹਨਾ ਤੋ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਡੀ.ਐਸ. ਪੀ .ਗੜਸ਼ੰਕਰ ਸ. ਜਸਪ੍ਰੀਤ ਸਿੰਘ ਪੀ.ਪੀ ਐਸ. ਵੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।



ਉਹਨਾਂ ਨੇ ਸੁਸਾਇਟੀ ਦੇ ਅਹੁਦੇਦਾਰਾਂ ਨੂੰ ਸਮਾਗਮ ਵਿੱਚ ਪਹੁੰਚ ਕੇ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ ਅਤੇ ਸੁਸਾਇਟੀ ਵਲੋ ਕੀਤੇ ਜਾ ਰਹੇ ਇਸ ਨੇਕ ਕਾਰਜ ਦੀ ਸ਼ਲਾਘਾ ਕੀਤੀ। ਐਸ. ਐਮ. ਓ . ਸ. ਰਘੁਬੀਰ ਸਿੰਘ ਸਿੰਘ ਜੀ ਨੇ ਕਿਹਾ ਕਿ ਨਸ਼ਾ ਵਿਰੋਧੀ ਜਾਗਰੂਕਤਾ ਸਮਾਗਮ ਕਰਵਾਉਣਾ ਇੱਕ ਬਹੁਤ ਹੀ ਸਲਾਘਾਯੋਗ ਕਦਮ ਹੈ। ਇਹਨਾ ਸਮਾਗਮਾਂ ਦੀ ਸਾਡੇ ਸਮਾਜ ਨੂੰ ਜਰੂਰਤ ਵੀ ਹੈ। ਜਿਸ ਨਾਲ ਬੱਚਿਆਂ ਨੂੰ ਨਵੀਂ ਸੇਧ ਦਿੱਤੀ ਜਾ ਸਕਦੀ ਹੈ। ਮੈ ਅਪਣੇ ਵਲੋ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਅਹੁਦੇਦਾਰਾਂ ਨੂੰ ਇਸ ਸਮਾਗਮ ਨੂੰ ਕਰਾਉਣ ਲਈ ਵਧਾਈ ਦਿੰਦਾ ਹਾ ਅਤੇ ਇਸ ਮੌਕੇ ਪਹੁੰਚ ਕੇ ਇਸ ਸਮਾਗਮ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਪੂਰਨ ਸਹਿਯੋਗ ਦਾ ਭਰੋਸਾ ਦਿੰਦਾ ਹਾਂ। ਇਸ ਸਮਾਗਮ ਵਿਚ ਉੱਘੇ ਸਮਾਜਸੇਵੀ ਰਾਜੀਵ ਕੁਮਾਰ ਕੰਡਾ ਰੋੜਮਜਾਰਾ ਵਲੋ ਬੱਚਿਆਂ ਦੀ ਰਿਫਰੈਸ਼ਮੈਂਟ ਲਈ ਵਿਸ਼ੇਸ ਤੌਰ ਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਜਸਪ੍ਰੀਤ ਬਾਜਵਾ ਵਾਈਸ ਪ੍ਰਧਾਨ ਜ਼ਿਲ੍ਹਾ ਨਵਾਂਸ਼ਹਿਰ, ਡ. ਮਲਕੀਤ ਕੌਰ ਜੰਡੀ ਸਕੱਤਰ ਜ਼ਿਲ੍ਹਾ ਨਵਾਂਸ਼ਹਿਰ, ਸੀਮਾ ਰਾਣੀ ਜਿਲ੍ਹਾ ਸਕੱਤਰ ਹੁਸ਼ਿਆਪੁਰ ਇਕਾਈ, ਜਸਪ੍ਰੀਤ ਕੌਰ ਜ਼ਿਲ੍ਹਾ ਪ੍ਰਧਾਨ, ਕਮਲਦੇਵ ਜਿਲ੍ਹਾ ਵਾਈਸ ਪ੍ਰਧਾਨ, ਹਰਪ੍ਰੀਤ ਸਿੰਘ ਬਲਾਕ ਪ੍ਰਧਾਨ ਗੜ੍ਹਸ਼ੰਕਰ,ਸੰਤੋਖ ਸਿੰਘ ਜੁਆਇੰਟ ਸਕੱਤਰ ਬਲਾਕ, ਡ. ਕੇਵਲ ਸਿੰਘ ਹੈਲਥ ਰਿਸੋਸ ਪਰਸਨ ਪੋਸੀ, ਡ. ਨਵਦੀਪ ਸਿੰਘ ਮੈਡੀਕਲ ਅਫ਼ਸਰ ਪੋਸੀ, ਰੋਹਿਤ ਸ਼ਰਮਾ B.E.E ਆਦਿ ਹਾਜਿਰ ਸਨ।

# ਤ੍ਰਿਕਾਲ ਦਰਸ਼ੀ ਭਗਵਾਨ ਵਾਲਮੀਕਿ ਮੰਦਰ ਨਿਊਯਾਰਕ ਵਿਖੇ ਸਮਾਗਮ ਦਾ ਆਯੋਜਨ

## ਗਾਇਕ ਕੁਲਦੀਪ ਚੁੰਬਰ, ਐਸ ਰਿਸ਼ੀ ਅਤੇ ਰਵਿੰਦਰ ਰਮਤਾ ਨੇ ਭਰੀਆਂ ਹਾਜ਼ਰੀਆਂ

**ਸਰੀ/ ਵੈਨਕੂਵਰ** – ਭਗਵਾਨ ਵਾਲਮੀਕਿ ਤ੍ਰਿਕਾਲ ਦਰਸ਼ੀ ਮੰਦਿਰ ਨਿਊਯਾਰਕ ਵਿਖੇ ਮਹਾਰਿਸ਼ੀ ਵਾਲਮੀਕਿ ਸੁਸਾਇਟੀ ਦੀ ਅਗਵਾਈ ਹੇਠ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਪਹਿਲਾਂ ਪ੍ਰਮੁੱਖ ਰਸਮਾਂ ਨੂੰ ਅਦਾ ਕਰਦਿਆਂ ਭਗਵਾਨ ਵਾਲਮੀਕ ਜੀ ਦੀ ਮੂਰਤੀ ਤੇ ਸ਼ਰਧਾ ਸੁੰਮਨ ਅਰਪਤ ਕੀਤੇ ਗਏ। ਇਸ ਮੌਕੇ ਪ੍ਰਧਾਨ ਮੱਖਣ ਸਿੰਘ ਲੋਹਟੀਆਂ , ਚੇਅਰਮੈਨ ਸੁਰਿੰਦਰ ਭਗਾਣੀਆਂ, ਖਜ਼ਾਨਚੀ ਤਰਸੇਮ ਲਾਲ ਪੇਟੀ, ਸੈਕਟਰੀ ਰਣਜੀਤ ਸਿੰਘ, ਮੁੱਖ ਸੇਵਾਦਾਰ ਕੁਲਵੰਤ ਸਿੰਘ ਨੇ ਆਏ ਹੋਏ ਕਨੇਡਾ ਤੋਂ ਕਲਾਕਾਰਾਂ ਕੁਲਦੀਪ ਚੁੰਬਰ ਅਤੇ ਐਸ ਰਿਸ਼ੀ ਦਾ ਵਿਸ਼ੇਸ਼ ਤੌਰ ਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ। ਇਸ ਮੌਕੇ ਸੰਗਤ ਨੂੰ ਭਗਵਾਨ ਵਾਲਮੀਕੀ ਜੀ ਦੀ ਮਹਾਨ ਮਹਿਮਾ ਦਾ ਗੁਣਗਾਣ ਕਨੇਡਾ ਤੋਂ ਆਏ ਗਾਇਕ ਕੁਲਦੀਪ ਚੁੰਬਰ, ਐਸ ਰਿਸ਼ੀ ਨੇ ਸਰਵਣ ਕਰਵਾਇਆ। ਸਟੇਜ



ਦਾ ਸੰਚਾਲਨ ਗਾਇਕ ਰਵਿੰਦਰ ਰਮਤਾ ਨੇ ਕੀਤਾ ਅਤੇ ਉਸ ਵਲੋਂ ਵੀ ਦੋ ਰਚਨਾਵਾਂ ਨਾਲ ਭਗਵਾਨ ਵਾਲਮੀਕਿ ਜੀ ਦੇ ਚਰਨਾਂ ਨੂੰ ਨਮਸਕਾਰ ਕੀਤੀ ਗਈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸ੍ਰੀ ਚਰਨਜੀਤ ਕੌਲ ਨੇ ਵੀ ਆਪਣੇ ਰਹਿਬਰਾਂ ਦੇ ਮਿਸ਼ਨ ਤੇ



ਬਾਣੀ ਨਾਲ ਜੁੜਨ ਦੀ ਸੰਗਤ ਨੂੰ ਪ੍ਰੇਰਨਾ ਕੀਤੀ । ਇਸ ਮੌਕੇ ਜਸਵੀਰ ਮਿੰਟੂ , ਸੰਦੀਪ ਸੈਂਡੀ ਕੌਲ ਬ੍ਰਦਰਜ਼, ਭਜਨ ਬਿਨਪਾਲਕੇ, ਰਵਿੰਦਰ ਰਮਤਾ, ਕੁਲਵੰਤ ਸਿੰਘ, ਨੀਲਮ ਕੁਮਾਰ ਬੱਧਣ, ਧਰਮਵੀਰ ਹੀਰ, ਸੋਨੂ ਬੰਗਾ ਸਮੇਤ ਕਈ ਹੋਰ ਸੱਜਣ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਜਰਖੜ ਖੇਡਾਂ – ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ

## 10 ਮਈ ਤੋਂ 1 ਜੂਨ ਤੱਕ , 16 ਟੀਮਾਂ ਦੀ ਐਂਟਰੀ ਹੋਈ ਪੱਕੀ, ਜੇਤੂ ਟੀਮਾਂ ਨੂੰ ਮਿਲਣਗੇ ਲੱਖਾਂ ਦੇ ਇਨਾਮ

**ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਜਰਖੜ ਖੇਡਾਂ ਦੇ ਕੜੀ ਦਾ ਹਿੱਸਾ 15ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 10 ਮਈ ਤੋਂ 1 ਜੂਨ ਤੱਕ ਜਰਖੜ ਸਟੇਡੀਅਮ ਵਿਖੇ ਹੋਵ-ਗਾ । ਇਸ ਫੈਸਟੀਵਲ ਦੇ ਹਾਕੀ ਮੁਕਾਬਲੇ ਹਫਤਾਵਰੀ ਹਰ ਸ਼ਨੀਵਾਰ ਅਤੇ ਐਤਵਾਰ ਨੂੰ ਖੇਡੇ ਜਾਣਗੇ । 10 ਮਈ ਨੂੰ ਟੂਰਨਾਮੈਂਟ ਦਾ ਉਦਘਾਟਨੀ ਸਮਾਰੋਹ ਹੋਵੇਗਾ । ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਮੁਖ ਪ੍ਰਬੰਧਕ , ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਜਰਖੜ ਅਕੈਡਮੀ ਦੇ ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਵਿੱਚ ਸੀਨੀਅਰ ਵਰਗ ਦੇ ਵਿੱਚ 8 ਟੀਮਾਂ ਜਿਨਾਂ ਵਿੱਚ ਵਰਤਮਾਨ ਚੈਂਪੀਅਨ ਟੀਮ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ, ਉੱਪ ਜੇਤੂ ਨੀਟਾ ਕਲੱਬ ਰਾਮ-ਪੁਰ, ਕਿਲਾ ਰਾਏਪੁਰ ਕਲੱਬ, ਸੰਤ ਕਿਰਪਾਲ ਦਾਸ ਕਲੱਬ ਹੇਰਾ, ਗਿੱਲ ਕਲੱਬ ਘਵੱਦੀ, ਨਨਕਾਣਾ ਸਾਹਿਬ ਸੈਂਟਰ ਅਮਰਗੜ੍ਹ, ਜੰਗ ਕਲੱਬ ਉਟਾਲਾ, ਮੇਜਬਾਨ ਜਰਖੜ ਹਾਕੀ ਅਕੈਡਮੀ ਜਦਕਿ ਜੂਨੀਅਰ ਵਰਗ (1-1-2011 ਤੋਂ ਬਾਅਦ ਦੇ ਜਨਮੇ ਖਿਡਾਰੀ ) ਦੀਆਂ ਟੀਮਾਂ ਵਿੱਚ ਅਮਰਗੜ੍ਹ ਹਾਕੀ ਸੈਂਟਰ, ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ, ਕਿਲ੍ਹਾ ਰਾਇਪੁਰ ਹਾਕੀ ਸੈਂਟਰ , ਘਵੱਦੀ ਸਕੂਲ, ਐਚ ਟੀ ਸੀ ਰਾਮਪੁਰਾ ਸੈਂਟਰ, ਏਕ ਨੂਰ ਅਕੈਡਮੀ ਤੇਹਿੰਗ , ਜਰਖੜ



ਹਾਕੀ ਅਕੈਡਮੀ ਹਿੱਸਾ ਲੈਣਗੀਆਂ । ਟੂਰਨਾਮੈਂਟ ਲੀਗ ਕਮ ਨਾਕ ਆਊਟ ਦੇ ਅਧਾਰ ਤੇ ਖੇਡਿਆ ਜਾਵੇਗਾ। ਸੀਨੀਅਰ ਵਰਗ ਦੀ ਚੈਂਪੀਅਨ ਟੀਮ ਨੂੰ 60 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ, ਓਲੰਪੀਅਨ ਪ੍ਰਿਥੀਪਾਲ ਸਿੰਘ ਰਨਿੰਗ ਹਾਕੀ ਟਰਾਫੀ ਅਤੇ ਸਰਵੋਤਮ ਖਿਡਾਰੀਆਂ ਨੂੰ ਟਾਪ ਕਲਾਸ ਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ । ਜਦ ਕਿ ਉਪ ਜੇਤੂ ਟੀਮ ਨੂੰ 40 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਤੀਸਰੇ ਨੰਬਰ ਤੇ ਆਉਣ ਵਾਲੇ ਟੀਮ ਨੂੰ 20 ਹਜਾਰ ਰੁਪਏ, ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 15 ਹਜ਼ਾਰ ਨਾਲ ਸਨਮਾਨਤ ਕੀਤਾ ਜਾਵੇਗਾ । ਇਸ ਤੋਂ ਇਲਾਵਾ ਕੁਆਰਟਰ ਫਾਈਨਲ ਵਿੱਚ



ਪੁੱਜਣ ਵਾਲੀਆਂ ਟੀਮਾਂ ਨੂੰ 6-6 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਜਾਵੇਗਾ । ਸੀਨੀਅਰ ਟੀਮਾਂ ਦੀ ਐਂਟਰੀ ਫੀਸ ਪ੍ਰਤੀ ਟੀਮ 3000 ਹੋਵੇਗੀ। ਸਬ ਜੂਨੀਅਰ ਵਰਗ ਦੀ ਜੇਤੂ ਟੀਮ ਨੂੰ ਜੇਤੂ ਰੰਨਿੰਗ ਟਰਾਫੀ ਅਤੇ 21000 ਰੁਪਏ ਦੀ ਇਨਾਮੀ ਰਾਸ਼ੀ, ਉਪ ਜੇਤੂ ਟੀਮ ਨੂੰ 15 ਹਜਾਰ, ਤੀਸਰੇ ਨੰਬਰ ਤੇ ਆਉਣ ਵਾਲੇ ਟਾਈਮ ਨੂੰ 10 ਹਜ਼ਾਰ,ਅਤੇ ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 8 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਟੂਰਨਾਂਮੈਂਟ ਦਾ ਮੁੱਖ ਮਕਸਦ ਸੀਨੀਅਰ ਖਿਡਾਰੀਆਂ ਨੂੰ ਹਾਕੀ ਨਾਲ ਜੋੜ ਕੇ ਰੱਖਣਾ ਜਦਕਿ ਜੂਨੀਅਰ ਬੱਚੇ ਨੂੰ ਹਾਕੀ ਪ੍ਰਤੀ ਪ੍ਰੇਰਿਤ ਕਰਨਾ ਹੈ । ਇਹ ਲੀਗ ਇਕ ਮਹੀਨੇ ਦੇ ਕਰੀਬ ਚੱਲੇਗੀ। ਇਸ ਮੌਕੇ ਰਾਜਨੀਤਿਕ ਅਤੇ ਖੇਡ ਜਗਤ ਦੀਆਂ ਉੱਘੀਆਂ ਸ਼ਖਸੀਅਤਾਂ ਵਿਸ਼ੇਸ਼ ਤੌਰ ਤੇ ਵੱਖ ਵੱਖ ਮੈਚਾਂ ਦੌਰਾਨ ਸਿਰਕਤ ਕਰਨਗੀਆਂ। ਟੂਰਨਾਂਮੈਂਟ ਦੇ ਉਦਘਾਟਨੀ ਅਤੇ ਸਮਾਪਤੀ ਸਮਾਰੋਹ ਲਾਜਵਾਬ ਹੋਣਗੇ।

**ਜਗਰੂਪ ਸਿੰਘ ਜਰਖੜ**
**98143-00722**

# ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਸਭ ਇਨਸਾਨਾ ਦਾ ਭਲਾ ਹੀ ਕੀਤਾ ਹੈ : ਡਾ ਨਛੱਤਰ ਪਾਲ ਐਮ ਐਲ ਏ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾ )** ਪਿੰਡ ਹਿਆਲਾ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮ ਦਿਨ ਮਨਾਇਆ ਗਿਆ ਜਿਸ ਵਿੱਚ ਨਵਾਂ ਸ਼ਹਿਰ ਦੇ ਹਲਕਾ ਵਿਧਾਇਕ ਡਾਕਟਰਾਂ ਨਛੱਤਰਪਾਲ ਨੇ ਆਪਣੇ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ ਅਤੇ ਸਮੂਹ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਡਾਕਟਰ ਅੰਬੇਡਕਰ ਵੈਲਫੇਅਰ ਸੋਸਾਇਟੀ ਸਮੂਹ ਗ੍ਰਾਮ ਪੰਚਾਇਤੀ ਅਤੇ ਸਮੂਹ ਨਗਰ ਨਿਵਾਸੀਆਂ ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 134ਵੇਂ ਜਨਮ ਹੈ ਦਿਨ ਦੀ ਵਧਾਈ ਦਿੱਤੀ ਅਤੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੂੰ ਯਾਦ ਕਰਦਿਆਂ ਆਖਿਆ ਕਿ ਬਾਬਾ ਸਾਹਿਬ ਨੇ ਬਹੁਤ ਦੁੱਖ ਤਕਲੀਫਾਂ ਕੱਟ ਕੇ ਆਪਣੀ ਮੁੱਢਲੀ ਪੜ੍ਹਾਈ ਕੀਤੀ ਅਤੇ ਵਿਦੇਸ਼ ਵਿੱਚ ਜਾ ਕੇ ਆਪਣੀ ਉੱਚ ਪੜਾਈ ਕੀਤੀ ਜਿਸ ਦੀ ਬਦੌਲਤ ਉਹਨਾਂ ਨੂੰ ਭਾਰਤ ਦੇਸ਼ ਦਾ ਸੰਵਿਧਾਨ ਲਿਖਣ ਦਾ ਮੌਕਾ ਮਿਲਿਆ ਜੋ ਵੀ ਅਸੀਂ ਅੱਜ ਸੁੱਖ ਸਹੂਲਤਾਂ ਮਾਣ ਰਹੇ ਹਾਂ ਉਹ ਸਭ ਸੰਵਿਧਾਨ ਦੀ ਬਦੌਲਤ ਹੈ ਜਿਹੜੇ ਲੋਕ ਉਸ ਸਮੇਂ ਬਾਬਾ ਸਾਹਿਬ ਦਾ ਵਿਰੋਧ ਕਰਦੇ ਸਨ ਅੱਜ ਉਹ ਲੋਕ ਬਾਬਾ ਸਾਹਿਬ ਦਾ ਦਿਨ ਰਾਤ ਨਾਮ ਜਪ ਰਹੇ ਹਨ ਇਹ ਸਾਡੇ ਲੋਕਾਂ ਨੂੰ ਸਮਝ ਚਾਹੀਦੀ ਹੈ ਕਿ ਉਹ ਸਿਰਫ ਮਗਰਮੱਛ ਦੇ ਹੰਜੂ ਵਹਾਂਉਂਦੇ ਹਨ।ਮੈਂ ਇਸ ਪਿੰਡ ਵਾਸੀਆਂ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨਾਂ ਨੇ ਮੈਨੂੰ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਿਆ ਜਿਸ ਕਰਕੇ ਮੈਨੂੰ ਆਪਣੇ ਹਲਕੇ ਅਤੇ ਪੰਜਾਬ ਦੇ ਲੋਕਾਂ ਕਿਸਾਨ ਮਜ਼ਦੂਰ ਮੁਲਾਜ਼ਮਾਂ ਕੱਚੇ ਪੱਕੇ ਮੁਲਾਜ਼ਮਾਂ ਆਂਗੜਵਾਲੀ ਵਰਕਰਾਂ ਹਰ ਵਰਗ ਦੇ ਲੋਕਾਂ ਦੀਆਂ ਸਮੱਸਿਆਵਾਂ ਤੇ ਬੋਲਣ ਦਾ ਮੌਕਾ ਮਿਲਿਆ ਇਸੇ ਤਰ੍ਹਾਂ ਹੀ ਡਿਪਾਰਟਮੈਂਟ ਆਫ ਹੋਮ ਅਫੇਅਰਸ ਐਂਡ ਜਸਟਿਸ ਵਿੱਚ ਪਹਿਲੀ ਵਾਰ ਬਹੁਜਨ ਸਮਾਜ ਪਾਰਟੀ ਦੇ ਦੋ ਸਾਲ ਦੇ ਸੰਘਰਸ਼ ਸਦਕਾ 58 ਲਾਅ ਅਫਸਰ ਰੱਖੇ ਗਏ ਜਿਸ ਵਿੱਚ ਇੱਕ ਇਸ ਪਿੰਡ ਤੋਂ ਐਡਵੋਕੇਟ ਬਲਵੀਰ ਸਿੰਘ ਬਾਲੀ ਵੀ ਲਾਓ ਅਫਸਰ ਰੱਖਿਆ ਗਿਆ ਜੋ ਕਿ ਸਾਡੇ ਜਿਲ੍ਹੇ ਲਈ ਬਹੁਤ ਮਾਣ ਵਾਲੀ ਗੱਲ ਹੈ ਇਸੇ ਤਰ੍ਹਾਂ ਹੀ ਉੱਚਾ ਪਿੰਡ ਸੰਘੋਲ ਜੋ ਕਿ ਬੁੱਧ ਧਰਮ ਨਾਲ ਸੰਬੰਧਿਤ ਹੈ ਜਿਸ ਬਾਰੇ ਵਿਧਾਨ ਸਭਾ ਵਿੱਚ ਮੇਰੇ ਵੱਲੋਂ ਉਸ ਪਿੰਡ ਨੂੰ ਟੂਰਿਸਟ ਹ ਬਣਾਉਣ ਲਈ ਆਖਿਆ ਗਿਆ ਜਿਸ ਨਾਲ ਰੇਨੇਵਿਓ ਵਿੱਚ ਵਾਧਾ ਹੋਵੇਗਾ ਇਸੇ ਤਰ੍ਹਾਂ ਹੀ ਵਿਧਾਨ ਸਭਾ ਵਿੱਚ ਮੇਰੇ ਵੱਲੋਂ ਮੈਡੀਕਲ ਕਾਲਜ ਦੀ ਮੰਗ ਰੱਖੇ ਜਾਣ ਤੇ ਨਵਾਂ ਸ਼ਹਿਰ ਵਿੱਚ ਮੈਡੀਕਲ ਕਾਲਜ ਦਾ ਨੀਵ ਪੱਥਰ ਰੱਖਿਆ ਗਿਆ ਅਤੇ ਇਸ ਬਜਟ ਵਿੱਚ ਪੈਸੇ ਵੀ ਰੱਖੇ ਗਏ ਅਤੇ ਸਕੂਲ ਆਫ ਐਮੀਨਸ ਆ ਸਕਿਆ ਜਿਸ ਨਾਲ ਨੇੜੇ ਦੇ ਪਿੰਡਾਂ ਦੇ ਗਰੀਬ ਪਰਿਵਾਰ ਦੇ ਬੱਚਿਆਂ ਨੂੰ ਵਧੀਆ ਅਤੇ ਸਸਤੀ ਪੜਾਈ ਮਿਲ ਰਹੀ ਹੈ ਅੱਗੇ ਤੋਂ ਵੀ ਮੈਂ ਇਸੇ ਤਰ੍ਹਾਂ ਆਪਣੇ ਹਲਕੇ ਲਈ ਮਿਹਨਤ ਕਰਦਾ ਰਹਾਂਗਾ ਇਸ ਮੌਕੇ ਤੇ ਸਰਬਜੀਤ ਜਾਫਰਪੁਰ, ਪਲਵਿੰਦਰ ਸੂਦ, ਹਰਮੇਸ਼ ਜਾਫਰਪੁਰ ਸਰਪੰਚ ਪ੍ਰਦੀਪ ਸਿੰਘ ਮਨੋਹਰ ਬੋਧ ਜਸਵੀਰ ਬੇਗਮਪੁਰ ਲੱਕੀ ਹਿਆਲਾ ਰਾਣਾ ਭੰਗਲ ਕਲਾਂ ਆਦ ਹਾਜ਼ਰ ਸਨ।



# ਆਸਟ੍ਰੇਲੀਆ ਸਿਡਨੀ ਵਿੱਚ ਮੰਗਲ ਹਠੂਰ ਦੀ ਭਰਵੀਂ ਮਹਿਫ਼ਲ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਅੱਜਕੱਲ੍ਹ ਆਸਟ੍ਰੇਲੀਆ ਫੇਰੀ ਤੇ ਗਿਆ ਹੋਇਆ ਹੈ , ਉਥੇ ਉਹਨਾਂ ਦੀਆਂ ਮਹਿਫ਼ਲਾਂ ਬਹੁਤ ਹੀ ਉਤਸ਼ਾਹ ਨਾਲ ਸੁਣੀਆਂ ਜਾ ਰਹੀਆਂ ਹਨ । 26 ਅਪ੍ਰੈਲ ਨੂੰ ਮੰਗਲ ਹਠੂਰ ਦੀ ਮਹਿਫ਼ਲ ਆਸਟ੍ਰੇਲੀਆ ਸਿਡਨੀ ਵਿੱਚ ਪਰਮ ਬੋਪਾਰਾਏ (ਬਟਾਲਾ) ਅਤੇ ਉਹਨਾਂ ਦੇ ਸਾਥੀਆਂ ਵਲੋਂ ਬਹੁਤ ਹੀ ਸ਼ਾਨਦਾਰ ਢੰਗ ਨਾਲ ਰੱਖੀ ਗਈ । ਰਾਤ ਦੇਰ ਤੱਕ ਚੱਲੀ ਸ਼ਾਇਰੋ ਸ਼ਾਇਰੀ ਦੀ ਮਹਿਫ਼ਲ ਵਿੱਚ ਮੰਗਲ ਹਠੂਰ ਦੀ 16 ਵੀਂ ਕਿਤਾਬ "ਟਿਕਾਣਾ ਕੋਈ ਨਾ" ਵੀ ਰੂਬਰੂ ਕੀਤੀ ਗਈ। ਇਸ ਮੌਕੇ ਪਰਮ ਬੋਪਾਰਾਏ (ਬਟਾਲਾ), ਹਰਦੀਪ ਬਾਜਵਾ, ਕੁਲਦੀਪ ਗੁਰਾਇਆ, ਰੌਬਨ ਖੇੜਾ,ਬਲਜੀਤ ਬੱਲੀ, ਸੋਨਾ ਰੰਧਾਵਾ, ਕੁਲਜੀਤ ਸਿੰਘ, ਰਘਵੀਰ ਸਿੱਧੂ, ਹਰਵਿੰਦਰ ਰੰਧਾਵਾ ਅਤੇ ਹੋਰ ਸੱਜਣ ਮਿੱਤਰ ਹਾਜ਼ਰ ਸਨ। ਮੰਗਲ ਹਠੂਰ ਦੇ ਗੀਤਾਂ ਨੇ ਅਖੀਰ ਵਿੱਚ ਸਾਰਿਆਂ ਨੂੰ ਨੱਚਣ ਲਈ ਮਜ਼ਬੂਰ ਕਰ ਦਿੱਤਾ। ਮੰਗਲ ਹਠੂਰ ਦੀਆਂ ਸਿਡਨੀ,ਬ੍ਰਿਸਬੇਨ ਅਤੇ ਮੈਲਬੌਰਨ ਵੀ ਖੂਬ ਮਹਿਫ਼ਲਾਂ ਲੱਗਣਗੀਆਂ।





# ਪੰਜਾਬੀ ਗਾਇਕ ਜੋਨੀ ਮਹੇ ਦੇ ਗੀਤ 'ਜਹਾਨ' ਦਾ ਪੋਸਟਰ ਸੰਗੀਤਕਾਰ ਸਚਿਨ ਅਹੂਜਾ ਵਲੋਂ ਰਿਲੀਜ਼ - ਰਾਣਾ ਭੋਗਪੁਰੀਆ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**-ਪੰਜਾਬੀ ਗਾਇਕ ਜੌਨੀ ਮਹੇ ਵਲੋਂ ਗਾਏ ਆਪਣੇ ਪਲੇਠੇ ਪੰਜਾਬੀ ਗੀਤ 'ਜਹਾਨ' ਦਾ ਪੋਸਟਰ ਪ੍ਰਸਿੱਧ ਸੰਗੀਤਕਾਰ ਸਚਿਨ ਅਹੂਜਾ ਵਲੋਂ ਰਿਲੀਜ਼ ਕੀਤਾ ਗਿਆ। ਜਾਣਕਾਰੀ ਦਿੰਦਿਆਂ ਗੀਤਕਾਰ ਤੇ ਨਾਮਾ ਨਿਗਾਰ ਰਾਣਾ ਭੋਗਪੁਰੀਆ ਨੇ ਦੱਸਿਆ ਕਿ ਇਸ ਮੌਕੇ ਉਨ੍ਹਾਂ ਨਾਲ ਗਾਇਕ ਜੌਨੀ ਮਹੇ ਅਤੇ ਗੀਤਕਾਰ ਜਸਦੀਪ ਸਾਗਰ ਵੀ ਮੌਜੂਦ ਸਨ। ਗਾਇਕ ਜੌਨੀ ਮਹੇ ਨੇ ਦੱਸਿਆ ਕਿ ਇਸ ਗੀਤ ਦਾ ਮਿਊਜ਼ਿਕ ਤਾਰ ਈ ਬੀਟ ਬ੍ਰੇਕਰ ਵਲੋਂ ਤਿਆਰ ਕੀਤਾ ਗਿਆ ਹੈ, ਇਸ ਦਾ ਵੀਡੀਓ 2x ਮੀਡੀਆ ਨੇ ਹਿਮਾਚਲ ਦੀਆਂ ਖੂਬਸੂਰਤ ਵਾਦੀਆਂ ਵਿਚ ਫ਼ਿਲਮਾਇਆ ਗਿਆ ਹੈ। ਭਾਰਤ ਭੂਰੀਆ ਵਲੋਂ ਡਾਇਰੈਕਟ ਕੀਤੇ ਗਏ ਇਸ ਗੀਤ ਨੂੰ ਮਹੇ ਮਿਊਜ਼ਿਕ ਵਲੋਂ ਪੇਸ਼ ਕੀਤਾ ਗਿਆ ਹੈ, ਜਿਸ ਨੂੰ ਦਰਸ਼ਕਾਂ ਵਲੋਂ ਖੂਬ ਪਿਆਰ ਮਿਲ ਰਿਹਾ ਹੈ।



# ਆਸਟ੍ਰੇਲੀਆ ਸਿਡਨੀ ਸੁਖਦੇਵ ਸਿੰਘ ਭੰਗੂ ਅਤੇ ਸਾਥੀਆਂ ਵਲੋਂ ਬਹੁਤ ਹੀ ਸ਼ਾਨਦਾਰ ਮਹਿਫ਼ਲ ਸਜਾਈ

**ਮੰਗਲ ਹਠੂਰ ਦੀ ਕਲਮ ਦਾ ਹੋਇਆ ਵੱਡਾ ਮਾਣ**

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਆਸਟ੍ਰੇਲੀਆ ਸਿਡਨੀ ਵਿੱਚ ਬਹੁਤ ਹੀ ਯਾਦਗਾਰੀ ਮਹਿਫ਼ਲ ਪ੍ਰਸਿੱਧ ਗੀਤਕਾਰ ਤੇ ਨਾਵਲਕਾਰ ਮੰਗਲ ਹਠੂਰ ਦੇ ਨਾਮ ਹੋਈ। ਰਾਤ ਦੇਰ ਤੱਕ ਚੱਲੀ ਇਸ ਸ਼ਾਇਰੋ ਸ਼ਾਇਰੀ ਦੀ ਮਹਿਫ਼ਲ ਵਿੱਚ ਮੰਗਲ ਹਠੂਰ ਦੀ 16 ਵੀਂ ਕਿਤਾਬ "ਟਿਕਾਣਾ ਕੋਈ ਨਾ" ਵੀ ਰੂਬਰੂ ਕੀਤੀ ਗਈ। ਇਸ ਮੌਕੇ ਸੁਖਦੇਵ ਸਿੰਘ ਭੰਗੂ, ਬਲਵੀਰ ਸਿੰਘ ਪਵਾਰ, ਰਾਜਵਿੰਦਰ ਸਿੰਘ ਕਿੱਟੂ, ਰਾਜਵਿੰਦਰ ਸਿੰਘ ਗੋਂਦਾਰਾ,ਹਰਜਿੰਦਰ ਸਿੰਘ ਚੌਹਾਨ, ਕੁਲਦੀਪ ਸਿੰਘ ਬਰਾੜ, ਹਰਵਿੰਦਰ ਰੰਧਾਵਾ, ਹਰਵਿੰਦਰ ਸਨੀ, ਦਿਲਬਾਗ ਸਿੰਘ ਗਰੇਵਾਲ ,ਚਰਨਜੀਤ ਸਿੰਘ ਸੋਢੀ, ਇਕਬਾਲ ਸਿੰਘ ਸੰਧੂ, ਰਘਵੀਰ ਸਿੰਘ ਬੱਲ,ਨਿਰਮਲ ਸਿੰਘ,ਕੁਲਜੀਤ ਸਿੰਘ ਗੋਸਲ,ਚੇਤ ਸਿੰਘ ,ਹਰਦੀਪ ਸਿੰਘ ਮਾਨ,ਲੇਖਕ ਮਨੀ ਸਿਡਨੀ,ਅਮਰਜੀਤ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਹਾਜ਼ਰ ਸਨ। ਮੰਗਲ ਹਠੂਰ ਨੇ ਰਾਤ ਦੇਰ ਤੱਕ ਸਾਰਿਆਂ ਨੂੰ ਕੀਲੀ ਰੱਖਿਆ । ਐਨੇ ਮਾਣ ਸਤਿਕਾਰ ਲਈ ਅਖੀਰ ਵਿੱਚ ਮੰਗਲ ਹਠੂਰ ਨੇ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ।



## ਮਜ਼ਦੂਰ ਦਿਵਸ

ਅੱਖ ਤਿੱਥ ਤਿਉਹਾਰਾਂ ਵਾਲ਼ੇ ਦਿਨ ,
ਹੰਝੂਆਂ ਨਾਲ਼ ਭਰਨੀ ਪੈਂਦੀ ਐ ।
ਜਿਹੜੀ ਜਰਨ ਵਾਲ਼ੀ ਵੀ ਨਈਂ ਹੁੰਦੀ,
ਗੱਲ ਉਹ ਵੀ ਜਰਨੀ ਪੈਂਦੀ ਐ ।
ਜਿਸ ਦਿਨ ਸਾਰੀ ਦੁਨੀਆਂ ਵਿੱਚ ਲੋਕੀਂ ,
ਸਾਡੇ ਹੀ ਸੋਹਲੇ ਗਾਉਂਦੇ ਹਨ ;
ਅਸਾਨੂੰ ਇੱਕ ਮਈ ਵਾਲ਼ੇ ਦਿਨ ਵੀ ,
ਮਜ਼ਦੂਰੀ ਕਰਨੀ ਪੈਂਦੀ ਐ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## ਮਈ ਦਿਵਸ 'ਤੇ



## ਦੋ ਰੁਬਾਈਆਂ

1
ਲਹੂ ਜਲਿਆ ਜੇ ਲੋਹਾ ਤਾਂ ਢਲਿਆ
ਜੁੱਸਾ ਬਲਿਆ ਭੱਠੀ ਤਾਂ ਤਪਦੀ ਏ
ਢਿੱਡ ਵਾਸਤੇ ਵਿਕੇਦੀ ਜ਼ਿੰਦਗਾਨੀ
ਦਮ ਘੁੱਟਦਾ ਸੇਕ ਵਿੱਚ ਖਪਦੀ ਏ
ਹੱਥ ਚਲਣਗੇ ਸਵਾਸ, ਤਾਂ ਚੱਲਣੇ
ਭੋਗਣੀ ਉਮਰ ਤਾਂ ਨਰਕ ਦੀ ਏ
ਜ਼ਿੰਦਗੀ ਮਿੱਲਾਂ ਦੇ ਕਿਰਤੀਆਂ ਦੀ
ਦੇਸ਼ ਭਗਤੋ ! ਪਾਤਰ ਤਾਂ ਤਰਸਦੀਏ

2
ਜਾਗਣਾ ਘੜੀ ਦੀ ਸੂਈ ਉੱਤੇ
ਨੀਦਰਾਂ ਵਸ ਬੇਗਾਨਿਆਂ ਦੇ
ਪੈਂਦੀ ਜੇ ਖੈਰ ਉਜ਼ਰਤਾਂ ਦੀ
ਮੇਹਰ ਹੱਥ ਬੇਗਾਨਿਆਂ ਦੇ
ਲੰਘਦੇ ਦਿਨ ਦੁਸ਼ਵਾਰੀਆਂ ਦੇ
ਡੋਰਾਂ ਰੱਖ ਬੇਗਾਨਿਆ 'ਤੇ
ਪੱਲੜੇ ਕਾਨੂੰਨ ਦੇ ਕਿਰਤੀਆਂ ਵੇ!
ਝੁਕਦੇ ਤਰਫ਼ ਬੇਗਾਨਿਆਂ ਦੇ

**ਮੇਜਰ ਸਿੰਘ ਤੱਖੀ (ਤੱਖਰਾਂ)**

## ਕਿਰਤੀ

ਅਸੀਂ ਕਿਰਤੀਆਂ ਦੇ ਘਰ ਜੰਮੇਂ ਆਂ
ਅਸੀਂ ਕਿਰਤੀ ਹੋਏ
ਸਾਡੇ ਗੁਰਬਤ ਨਾਲ ਯਾਰਾਨੇ ਆਂ
ਅਸੀਂ ਜਿਉਂਦੇ ਮੋਏ

ਅਸੀਂ ਬੋਹਲ ਦੁੱਖਾਂ ਦੇ ਲਾ ਲਏ
ਛੱਟ ਜ਼ਖ਼ਮ ਉਡਾਏ
ਸਾਡੀ ਖੁਸ਼ੀਆਂ ਨਾਲ ਨਹੀਂ ਬਣਦੀ
ਗ਼ਮ ਯਾਰ ਬਣਾਏ

ਸਾਡੇ ਪਿੰਡੇ ਗਿੱਠ ਗਿੱਠ ਮੈਲ਼ਾਂ
ਤਨ ਪਾਟੀਆਂ ਲੀਰਾਂ
ਸਾਡੇ ਪੈਰ ਬਿਆਈਆਂ ਪਾਟੀਆਂ
ਸਾਡੀਆਂ ਤਕਦੀਰਾਂ

ਸਾਡੇ ਅੱਗ ਸੀਨੇ ਵਿੱਚ ਬਲ਼ਦੀ
ਪਰ ਚੁੱਲ੍ਹੇ ਠੰਢੇ
ਸਾਡੇ ਬੱਚੇ ਨੰਗ ਧੜੰਗੜੇ
ਨੱਕ ਬੁੱਲ੍ਹਾਂ ਕੰਢੇ

ਸਾਡੀ ਅੱਖੀਆਂ ਨੂੰ ਨਹੀਂ ਸੁਰਮਾ
ਵਿੱਚ ਭਰੀਆਂ ਗਿੱਡਾਂ
ਸਾਡੇ ਦੰਦ ਬੁਰਸ਼ ਨੂੰ ਤਰਸਦੇ
ਰੰਗ ਪੀਲਾ ਜਿੱਦਾਂ

ਸਾਡੇ ਨਹੁੰਆਂ ਦੇ ਵਿੱਚ ਮਿੱਟੀਆਂ
ਮੂੰਹ ਡੱਬ - ਖੜੱਬੇ
ਸਾਡੀ ਦੇਹ ਹੱਡੀਆਂ ਦੀ ਮੁੱਠ ਹੈ
ਜਿਉਂ ਖੜਕਣ ਡੱਬੇ

ਹੋਰਾਂ ਦੇ ਮਹਿਲ ਉਸਾਰਦੇਂ
ਸਾਡੇ ਕੁੱਝ ਨਾ ਪੱਲੇ
ਸਾਡੀ ਕੁੱਲੀ 'ਤੇ ਜੋ ਕੱਖ ਸੀ
ਉਹ ਵੀ ਉੱਡ ਚੱਲੇ

ਕੰਮੀਆਂ ਦਾ "ਖੁਸ਼ੀ ਮੁਹੰਮਦਾ"
ਜਿੱਥੇ ਰੈਣਬਸੇਰਾ
ਓਥੇ ਅਰਜ਼ ਕਰਾਂ ਮੈਂ ਮਾਲਕਾ
ਨਾ ਕਰੀਂ ਹਨ੍ਹੇਰਾ
ਓਥੇ ਅਰਜ਼ ਕਰਾਂ ਮੈਂ ਮਾਲਕਾ
ਨਾ ਕਰੀਂ ਹਨ੍ਹੇਰਾ......




**ਖੁਸ਼ੀ ਮੁਹੰਮਦ "ਚੱਠਾ"**
ਮੋਬਾ: 9779025356

## ਕਾਰਖਾਨਿਆਂ ਦਾ ਮਜਦੂਰ

ਹੱਕਾਂ ਦੀ ਨਾ ਗੱਲ ਕਰੀਂ ਤੂੰ ਮਾਰਿਆ ਜਾਂਵੇਗਾ।
ਚਾਰ ਦਿਨਾਂ ਚ ਦਿਲਾਂ ਵਿੱਚੋਂ ਵਿਸਾਰਿਆ ਜਾਂਵੇਗਾ।
ਸ਼ਾਹਾਂ ਦਾ ਨਾ ਢਿੱਡ ਭਰੇ ਤੇਰੇ ਤਨ ਨੂੰ ਖਾ ਕੇ ਵੀ।
ਤੂੰ ਮਿਹਨਤ ਕਰਕੇ ਕਹਿਨੈਂ ਮਹਿਲ ਉਸਾਰਿਆ ਜਾਵੇਗਾ।
ਤੇਰੀ ਲੋਥ ਦੀ ਕੀਮਤ ਵੀ ਪੈ ਜਾਣੀ ਹੈ ਇੱਕ ਦਿਨ
ਅਣ ਆਈ ਮੌਤੇ ਜਿਸ ਦਿਨ ਤੂੰ ਮਾਰਿਆ ਜਾਂਵੇਗਾ।
ਚੰਦ ਸਿੱਕਿਆਂ ਨਾਲ ਘਰ ਤੇਰੇ ਨੂੰ ਢਾਰਸ ਦੇਣਗੇ।
ਜਦ ਕਿਸੇ ਮਸ਼ੀਨ ਦੇ ਕਲ ਪੁਰਜੇ ਨਾਲ ਤਨ ਪਾੜਿਆ ਜਾਂਵੇਗਾ।
ਕੁਝ ਵਿਕੇ ਹੋਏ ਤਨ ਤੇਰੀ ਲੋਥ ਨੂੰ ਸੜਕ ਤੇ ਰੋਲਣਗੇ।
ਫਿਰ ਗਲ ਚੁੱਕੀ ਨੂੰ ਸਨਮਾਨਾਂ ਦੇ ਨਾਲ ਸਾੜਿਆ ਜਾਵੇਗਾ।
ਸਕਤੇ ਦਾ ਸੌ ਸੱਤ ਵੀਹਾਂ ਦਾ ਹੁੰਦਾ ਹੈ ਸੱਜਣਾਂ।
ਤੂੰ ਜਰਵਾਣਿਆਂ ਹੱਥੋਂ ਇੱਕ ਦਿਨ ਹਾਰਿਆ ਜਾਂਵੇਗਾ
ਖਾਕੀ ਰੰਗ ਵਿਕਾਊ ਹੁੰਦੈ ਇਹ ਆਖਣ ਦੀ ਲੋੜ ਨਹੀਂ।
ਤੂੰ ਝੂਠੀ ਦਫਾ ਲਗਾਕੇ ਅੰਦਰ ਤਾੜਿਆ ਜਾਂਵੇਗਾ
ਚੱਟੀਂ ਤਲੇ ਤੇ ਕਰੀਂ ਖੁਸ਼ਾਮਦ ਭੁੰਜੇ ਬਹਿ ਕੇ ਤੂੰ।
ਫਿਰ ਕੌਰੇਆਣੇ ਵਫਾਦਾਰ ਪ੍ਰਚਾਰਿਆ ਜਾਂਵੇਗਾ।



**ਗੁਰਦੀਪ ਕੌਰੇਆਣਾ**
9915013953



# ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਨਿੱਝਰਾਂ ਵਿਖੇ ਪ੍ਰਭਾਵਸ਼ਾਲੀ ਸਮਾਗਮ

**ਸਰੀ/ ਵੈਨਕੂਵਰ ( ਕੁਲਦੀਪ ਚੁੰਬਰ )–** ਪੰਜਾਬ ਸਰਕਾਰ ਵਲੋਂ ਆਰੰਭੀ ਸਿੱਖਿਆ ਕ੍ਰਾਂਤੀ ਮੁਹਿੰਮ ਅਧੀਨ ਸ੍ਰੀ ਜੀਤ ਲਾਲ ਭੱਟੀ ਡਾਇਰੈਕਟਰ ਪਨਬਸ ਪੰਜਾਬ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਨਿੱਝਰਾਂ ਵਿਖੇ 7 ਜਮਾਤਾਂ ਦੇ ਕਮਰਿਆਂ ਦੇ ਨਵੀਨੀਕਰਨ ਤੇ ਆਧੁਨਿਕੀਕਰਨ ਦਾ ਉਦਘਾਟਨ ਕੀਤਾ ਗਿਆ । ਸਭ ਤੋਂ ਪਹਿਲਾਂ ਪ੍ਰਿੰਸੀਪਲ ਸ੍ਰੀ ਰਾਮ ਆਸਰਾ ਸਟੇਟ ਐਵਾਰਡੀ , ਸਕੂਲ ਇੰਚਾਰਜ ਸੁਰੇਸ਼ ਕੁਮਾਰ ਤੇ ਸਮੂਹ ਸਟਾਫ ਵਲੋਂ ਸ੍ਰੀ ਭੱਟੀ ਦਾ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ । ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀ ਰਹੇ ਅੰਤਰ ਰਾਸ਼ਟਰੀ ਕਬੱਡੀ ਖ਼ਿਡਾਰੀ ਜੂਰੀ ਭਗਵਾਨਪੁਰ ਤੇ ਫ਼ਰਿਆਦ ਮੁਹੰਮਦ ਨੂੰ ਸਨਮਾਨਿਤ ਕੀਤਾ ਗਿਆ । ਇਸਦੇ ਨਾਲ ਹੀ ਛੋਟੀ ਉਮਰ ਵਿਚ ਦੋ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਵਾਲੇ ਸਕੂਲ ਦੇ ਵਿਦਿਆਰਥੀ ਸੰਦੀਪ ਧੀਰੋਵਾਲ ਨੂੰ ਸਨਮਾਨਿਤ ਕੀਤਾ ਗਿਆ।



ਸ੍ਰੀ ਜੀਤ ਲਾਲ ਭੱਟੀ , ਪ੍ਰਿੰਸੀਪਲ ਸ੍ਰੀ ਰਾਮ ਆਸਰਾ ਸਟੇਟ ਐਵਾਰਡੀ ਤੇ ਸਕੂਲ ਇੰਚਾਰਜ ਲੈਕਚਰਾਰ ਸੁਰੇਸ਼ ਕੁਮਾਰ ਵਲੋਂ ਪੰਜਾਬ ਸਰਕਾਰ ਦੇ ਸਿੱਖਿਆ ਦੇ ਖੇਤਰ ਵਿਚ ਕੀਤੇ ਕਾਰਜਾਂ ਦੀ ਪ੍ਰਸ਼ੰਸਾ ਕੀਤੀ ਗਈ। ਸਟੇਜ ਸਕੱਤਰ ਦੀ ਭੂਮਿਕਾ ਲੈਕਚਰਾਰ ਗੁਰਿੰਦਰ ਸਿੰਘ ਵਲੋਂ ਬਾਖੂਬੀ ਨਿਭਾਈ ਗਈ । ਇਸ ਮੌਕੇ ਬਲਾਕ ਪ੍ਰਧਾਨ ਸਤਨਾਮ ਸਿੰਘ ਮਨਕੋਟੀਆ, ਜ਼ਿਲ੍ਹਾ ਅਹੁਦੇਦਾਰ ਮੰਗਾ ਸਿੰਘ, ਸ੍ਰੀ ਮਨੋਜ ਭੱਟੀ , ਬਲਾਕ ਪ੍ਰਧਾਨ ਚੌਧਰੀ ਤਰਸੇਮ ਲਾਲ, ਬਲਾਕ ਪ੍ਰਧਾਨ ਮਦਨ ਸਿੰਘ, ਬਲਾਕ ਪ੍ਰਧਾਨ ਹੰਸ ਰਾਜ , ਬਲਾਕ ਪ੍ਰਧਾਨ ਹਨਿੰਦਰ ਸਿੰਘ , ਇਲਾਕੇ ਦੀ ਸੀਨੀਅਰ ਲੀਡਰਸ਼ਿਪ , ਪੰਚਾਇਤ ਮੈਂਬਰ , ਸਕੂਲ ਕਮੇਟੀ ਆਹੁਦੇਦਾਰ ਤੇ ਸਮੁੱਚਾ ਸਟਾਫ ਹਾਜ਼ਰ ਸੀ ।

# ਪ੍ਰਸਿੱਧ ਗਾਇਕ ਗੁਰਮਿੰਦਰ ਗੋਲਡੀ ਤੇ ਐਸ ਬੀ ਬੱਲ ਦੀ ਅਵਾਜ਼ ਵਿੱਚ ਨਵਾਂ ਦੋਗਾਣਾ 'ਬਰਫੀ' ਗੋਲਡ ਰਕਾਟ ਮਿਊਜ਼ਕ ਕੰਪਨੀ ਵਲੋਂ ਕੀਤਾਂ ਰਿਲੀਜ਼

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਪ੍ਰਸਿੱਧ ਗਾਇਕ ਗੁਰਮਿੰਦਰ ਗੋਲਡੀ ਤੇ ਐਸ ਬੀ ਬੱਲ ਦੀ ਅਵਾਜ਼ ਵਿੱਚ ਨਵਾਂ ਡਿਊਟ ਗੀਤ "ਬਰਫੀ " ਗੋਲਡ ਰਕਾਟ ਮਿਊਜ਼ਕ ਕੰਪਨੀ ਵਲੋਂ ਰਿਲੀਜ਼ ਕੀਤਾ ਗਿਆ । ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗਾਇਕ ਗੁਰਮਿੰਦਰ ਗੋਲਡੀ ਨੇ ਦੱਸਿਆ ਇਸ ਗੀਤ ਦਾ ਮਿਊਜ਼ਿਕ ਪ੍ਰੀਤ ਬਲਿਹਾਰ ਵਲੋਂ ਕੀਤਾਂ ਗਿਆ ਤੇ ਇਸ ਗੀਤ ਦਾ ਵਿਡਿਊ ਅਮਨ ਸਟ੍ਰਿੰਗ ਵਲੋਂ ਵੱਖ ਵੱਖ ਲੋਕੇਸਨਾਂ ਤੇ ਤਿਆਰ ਕੀਤਾ ਗਿਆ ਹੈ ਇਸ ਗੀਤ ਨੂੰ ਰਾਜੂ ਸਿੰਘਾਂ ਵਾਲੇ ਨੇ ਲਿਖਿਆ ਹੈ । ਇਸ ਟ੍ਰੈਕ ਨੂੰ ਗੋਲਡ ਰਕਾਟ ਮਿਊਜ਼ਕ ਕੰਪਨੀ ਦੇ ਪ੍ਰੋਡਿਊਸਰ ਜਸਬੀਰ ਦੋਲੀਕੇ ਵਲੋਂ ਯੂਟਿਊਬ ਸੋਸ਼ਲ ਮੀਡੀਆ ਤੇ ਵੱਖ ਵੱਖ ਚੈਨਲਾਂ ਤੇ ਚਲਾਇਆ ਜਾ ਰਿਹਾ ਹੈ। ਇਸ ਵਿੱਚ ਵਿਸ਼ੇਸ਼ ਸਹਿਯੋਗ ਜੇ ਜੇ ਪ੍ਰੋਡਕਸ਼ਨ ਹਾਊਸ ਨੇ ਦਿੱਤਾ ਹੈ ਜੋਂ ਗੋਲਡ ਰਕਾਟ ਮਿਊਜ਼ਕ ਕੰਪਨੀ ਦੇ ਬੈਨਰ ਹੇਠ ਰਿਲੀਜ਼ ਕੀਤਾ ਗਿਆ ਹੈ ਕੰਪਨੀ, ਸਿੰਗਰ, ਗੀਤਕਾਰ, ਮਿਊਜ਼ਕ




ਡਾਇਰੈਕਟਰ ਤਰੱਕੀ ਕਰੇ। ਇਹ ਬਰਫੀ ਗੀਤ ਸਰੋਤਿਆਂ ਦੀ ਪਹਿਲੀ ਪਸੰਦ ਬਣੇ ਹਰੇਕ ਵਰਗ ਨੂੰ ਪਸੰਦ ਆਵੇ ।

# ਬਹੁਜਨ ਸਮਾਜ ਦੇ ਲੋਕਾਂ ਨੂੰ ਹਾਲੇ ਵੀ ਸਮਝਣ ਦੀ ਲੋੜ ਹੈ : ਕਮਲੇਸ਼ ਕਨੇਡਾ

**ਬੰਗਾ ( ਚਰਨਜੀਤ ਸੱਲ੍ਹਾ )** ਵਾਹ ਰੇ ਭਗਵੇ ਚੋਲੇ ਵਾਲੇ ਯੋਗੀ, ਕਮਾਲ ਦੇ ਗੁੰਡੇ ਪੈਦਾ ਕਰ ਦਿੱਤੇ। ਜਾਗਦਿਆਂ ਜਮੀਰਾ ਵਾਲਿਓ, ਦੇਖ ਲਓ, ਪਹਿਲਾ " ਚਮਾਰਾ" ਨੂੰ ਬੁਰੀ ਤਰਾ ਨੰਗੇ ਕਰਕੇ ਕੁਟੀਆ, ਫੇਰ ਧਮਕਾਇਆ ਕਿ ਰਿਪੋਰਟ ਨਹੀਂ ਕਰਨੀ, ਸਮਝੌਤਾ ਕਰ ਲਓ, ਜਦੋਂ ਬਸਪਾ ਲੀਡਰਸ਼ਿਪ ਕੋਲ ਗੱਲ ਪਹੁੰਚੀ ਤਾਂ ਬਸਪਾ ਲੀਡਰਾ ਨੇ ਉਨ੍ਹਾਂ ਕੋਲ ਆ ਕੇ ਹੌਸਲਾ ਦਿੱਤਾ ਅਤੇ ਕੇਸ ਕੀਤਾ। ਮੇਰੀ ਰਾਤ ਉਤਰ ਪ੍ਰਦੇਸ਼ ਵਿਚ ਗੱਲ ਹੋਈ ਸੀ, ਬਿਨਾਂ ਕਿਸੇ ਪਰੂਫ ਦੇ ਮੈ ਏਧਰੋਂ ਉਧਰੋਂ ਕਲਿਪ ਚੱਕ ਕੇ ਨਹੀਂ ਪਾਉਂਦੀ। ਉੱਤਰ ਪ੍ਰਦੇਸ਼ ਵਿੱਚ ਜਿੱਥੇ ਵੀ ਅਤਿਆਚਾਰ ਹੁੰਦਾ ਹੈ ਸਿਰਫ ਬਸਪਾ ਲੀਡਰਸ਼ਿਪ ਹੀ ਪੁੰਹਚ ਕਰਦੀ ਹੈ, ਜਿਸ ਨੂੰ ਤੁਸੀਂ ਨਕਾਰ ਰਹੇ ਹੋ, ਆਉਣ ਵਾਲਾ ਸਮਾ ਬਹੁਤ ਭਿਆਨਕ ਹੈ ਅਗਰ ਨਾ ਸੁਧਰੇ ਤਾਂ। ਭੀਮ ਆਰਮੀ ਵਾਲਾ ਤਾਂ ਮਲਾਈ ਖਾਣ ਲੱਗ ਪਿਆ, ਜਿਸ ਨੂੰ ਹੁਣ ਕੁਸ਼ ਨਹੀਂ ਦਿਸਦਾ, ਅਤੇ ਸਭ ਕੁਸ਼ ਦੇਖ ਕੇ ਅੰਨਾ ਹੋ ਗਿਆ ਸਾਡਾ ਸਮਾਜ। ਆਪਣੇ ਨਾਮ ਚਮਕ-ਾਉਣ ਵਾਲਿਆ ਨੂੰ ਕਿਤੇ ਕੁਝ ਨਜ਼ਰ ਨਹੀਂ ਆਉਂਦਾ।



ਬਾਬਾ ਸਾਹਿਬ ਜੀ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਕਲੰਕ ਹਨ, ਚੌਧਰੀ।

**ਜੈ ਭੀਮ ਜੈ ਭਾਰਤ, ਬਸਪਾ ਜ਼ਿੰਦਾਬਾਦ।**

**ਕਮਲੇਸ਼ ਕੁਮਾਰੀ ਕੈਨੇਡਾ।**

# ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਨੇ ਮੈਰਾਥਨ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਸ਼ਹੀਦ ਭਗਤ ਸਿੰਘ ਨਗਰ ਵੱਲੋਂ 26 ਅਪ੍ਰੈਲ, ਦਿਨ ਸਨਿੱਚਰਵਾਰ ਨੂੰ ਕਰਵਾਈ ਜਾ ਰਹੀ ਵਿਸ਼ਾਲ ਮੈਰਾਥਨ ਦੀਆਂ ਤਿਆਰੀਆਂ ਦਾ ਵਧੀਕ ਡਿਪਟੀ ਕਮਿਸ਼ਨਰ ਜਨਰਲ ਰਾਜੀਵ ਵਰਮਾ ਵੱਲੋਂ ਜਾਇਜ਼ਾ ਲਿਆ ਗਿਆ। ਇਸ ਸਬੰਧੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀ ਅਗਵਾਈ ਹੇਠ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਕਰਵਾਈ ਜਾ ਰਹੀ ਇਸ ਮੈਰਾਥਨ ਵਿਚ ਜ਼ਿਲ੍ਹੇ ਦੀਆਂ ਉੱਘੀਆਂ ਸ਼ਖਸੀਅਤਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ, ਵਿਦਿਆਰਥੀ, ਅਧਿਆਪਕ, ਖਿਡਾਰੀ, ਪਿੰਡਾਂ ਦੇ ਪੰਚ-ਸਰਪੰਚ, ਯੂਥ ਕਲੱਬਾਂ ਦੇ ਮੈਂਬਰ, ਵਲੰਟੀਅਰ ਅਤੇ ਜ਼ਿਲ੍ਹਾ ਵਾਸੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਕੇ ਨਸ਼ਿਆਂ ਦੇ ਖਿਲਾਫ਼ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਉਣ ਦਾ ਅਹਿਦ ਲੈਣ ਦੇ ਨਾਲ-ਨਾਲ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਗਰੂਕ ਕਰਨ ਲਈ ਵੀ ਆਪਣਾ ਫਰਜ਼ ਨਿਭਾਉਣਗੇ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੀ ਤਾਕੀਦ ਕੀਤੀ, ਤਾਂ ਜੋ ਇਸ ਮੈਰਾਥਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਮੈਰਾਥਨ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਸਮਾਜ ਦੀ ਨਸ਼ਿਆਂ ਖ਼ਿਲਾਫ਼ ਜੰਗ ਵਿਚ ਭਾਗੀਦਾਰੀ ਵਧਾਉਣਾ ਹੈ। ਉਨ੍ਹਾਂ ਦੱਸਿਆ ਕਿ ਇਹ ਮੈਰਾਥਨ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਸਵੇਰੇ 6.30 ਵਜੇ ਸ਼ੁਰੂ ਹੋਵੇਗੀ ਅਤੇ ਰਾਜਾ ਹਸਪਤਾਲ, ਬਾਰਾਦਰੀ ਬਾਗ਼, ਸਰਕਾਰੀ ਮੁੜ ਵਸੇਬਾ ਕੇਂਦਰ ਅਤੇ ਬਾਬਾ ਸਾਹਿਬ ਡਾ. ਬੀ. ਆਰ ਅੰਬੇਡਕਰ ਚੌਕ ਤੋਂ ਹੁੰਦੀ ਹੋਈ ਵਾਪਸ ਆਈ.ਟੀ.ਆਈ ਗਰਾਊਂਡ ਵਿਖੇ ਸਮਾਪਤ ਹੋਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਸਨਿਚਰਵਾਰ ਨੂੰ ਸਵੇਰੇ 6.30 ਵਜੇ ਆਈ.ਟੀ.ਆਈ ਗਰਾਊਂਡ ਪਹੁੰਚ ਕੇ ਇਸ ਮੈਰਾਥਨ ਦਾ ਹਿੱਸਾ ਬਣਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਵਿਚ ਆਪਣਾ ਵਡਮੁੱਲਾ ਯੋਗਦਾਨ ਦੇਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਸਹਾਇਕ ਕਮਿਸ਼ਨਰ ਜਨਰਲ ਰੋਹਿਤ ਜਿੰਦਲ, ਸੀ.ਐਮ ਫੀਲਡ ਅਫ਼ਸਰ ਜਗਦੀਪ ਸਿੰਘ, ਜਿਲਾ ਮਾਲ ਅਫ਼ਸਰ ਮਨਦੀਪ ਸਿੰਘ ਮਾਨ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਨਿਧੀ ਸਿਨਹਾ, ਡੀ.ਐਸ.ਪੀ ਸੁਰਿੰਦਰ ਚਾਂਦ, ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਲੋਕ ਗਾਇਕੀ ਦਾ ਬਾਬਾ ਬੋਹੜ ਦੀਦਾਰ ਸਿੰਘ ਪਰਦੇਸੀ

## ਬਹੁਤ ਸਾਰੇ ਲੋਕ ਉਨ੍ਹਾਂ ਨੂੰ ਪਿਆਰ ਨਾਲ 'ਸਲਮਾ ਵਾਲਾ ਪਰਦੇਸੀ' ਕਹਿ ਕੇ ਵੀ ਬੁਲਾਉਂਦੇ ਹਨ

ਸੰਗੀਤ ਦੀ ਦੁਨੀਆਂ 'ਚ ਹਰ ਰੋਜ਼ ਕਈ ਅਵਾਜ਼ਾਂ ਉਭਰਦੀਆਂ ਤੇ ਕਈ ਗੁੰਮ ਹੋ ਜਾਂਦੀਆਂ ਨੇ,ਪਰ ਕੁਝ ਅਵਾਜ਼ਾਂ ਅਜਿਹੀਆਂ ਵੀ ਹੁੰਦੀਆਂ ਹਨ,ਜੋ ਆਪਣੇ ਅੰਦਰ ਇੱਕ ਕਲਾ, ਇੱਕ ਜਜ਼ਬਾ ਅਤੇ ਇੱਕ ਅਸਰ ਛੁਪਾਈ ਬੈਠੀਆਂ ਹੁੰਦੀਆਂ ਹਨ। ਅਜਿਹੀਆਂ ਅਵਾਜ਼ਾਂ ਦਿਲਾਂ 'ਤੇ ਅੰਮਿਟ ਛਾਪ ਛੱਡ ਜਾਂਦੀਆਂ ਹਨ। ਅਜਿਹਾ ਹੀ ਇਕ ਨਾਂ ਹੈ ਦੀਦਾਰ ਸਿੰਘ ਪਰਦੇਸੀ, ਜਿਸ ਨੇ ਪਿੰਡ ਪੱਤੜ ਕਲਾਂ ਦੀ ਮਿੱਟੀ 'ਤੇ ਜਨਮ ਲੈ ਕੇ ਆਪਣੀ ਸੁਰੀਲੀ ਆਵਾਜ਼ ਰਾਹੀਂ ਅਫਰੀਕਾ ਦੀ ਧਰਤੀ 'ਤੇ ਪੰਜਾਬੀ ਅਤੇ ਹਿੰਦੀ ਸੰਗੀਤ ਦੀ ਖੁਸ਼ਬੂ ਬਿਖੇਰ ਦਿੱਤੀ।


ਦੀਦਾਰ ਸਿੰਘ ਪਰਦੇਸੀ ਆਪਣੇ ਪੋਤਰੇ ਨਾਲ।

ਉਹ ਕੇਵਲ ਇਕ ਗਾਇਕ ਨਹੀਂ, ਸਗੋਂ ਸੱਭਿਆਚਾਰਕ ਰੂਹ ਦਾ ਰੂਪ ਹੈ,ਜਿਸ ਦੀ ਆਵਾਜ਼ ਵਿੱਚ ਲੋਕਧਾਰੀ ਮਿਠਾਸ, ਗ਼ਜ਼ਲਾਂ ਦੀ ਕੋਮਲਤਾ ਅਤੇ ਕੀਰਤਨ ਦੀ ਅਧਿਆਤਮਿਕਤਾ ਇਸ ਤਰ੍ਹਾਂ ਰਮ ਗਈ ਹੈ ਕਿ ਜਿਥੇ ਵੀ ਉਹ ਸੁਰ ਛੇੜਦਾ ਹੈ, ਉਥੇ ਹੀ ਸੱਭਿਆਚਾਰਕ ਰਸਾਵਲੀ ਦਾ ਮਾਹੌਲ ਬਣ ਜਾਂਦਾ ਹੈ। ਉਸਦੇ ਸੰਗੀਤਕ ਸਫ਼ਰ 'ਚ ਹਰ ਸੁਰ, ਹਰ ਸ਼ਬਦ ਇੱਕ ਜਜ਼ਬਾਤੀ ਪੁਲ ਬਣ ਜਾਂਦਾ ਜੋ ਦਿਲਾਂ ਨੂੰ ਜੋੜਦਾ ਹੋਇਆ ਰੂਹ ਨੂੰ ਛੂਹ ਲੈਂਦਾ ਹੈ।

ਮਿੱਠੜੇ ਸੁਭਾਅ ਅਤੇ ਭਰਪੂਰ ਸਾਦਗੀ ਦੇ ਪ੍ਰਤੀਕ ਦੀਦਾਰ ਸਿੰਘ ਪਰਦੇਸੀ ਦਾ ਜਨਮ 14 ਜੁਲਾਈ 1937 ਨੂੰ ਪਿੰਡ ਪੱਤੜ ਕਲਾਂ (ਜ਼ਿਲ੍ਹਾ ਜਲੰਧਰ) ਵਿੱਚ ਸ. ਮੱਘਰ ਸਿੰਘ ਅਤੇ ਮਾਤਾ ਰਤਨ ਕੌਰ ਦੇ ਘਰ ਹੋਇਆ। ਪ੍ਰਸਿੱਧ ਸ਼ਾਇਰ ਤੇ ਕਵੀ ਸੁਰਜੀਤ ਪਾਤਰ ਦੇ ਚਚੇਰੇ ਭਰਾ ਅਤੇ ਉਨ੍ਹਾਂ ਤੋਂ ਅੱਠ ਸਾਲ ਵੱਡੇ ਪਰਦੇਸੀ ਜੀ ਦੇ ਮਨ ਵਿੱਚ ਬਚਪਨ ਤੋਂ ਹੀ ਸੰਗੀਤ ਦੀ ਸੁਰਭੀ ਵੱਸਦੀ ਸੀ। ਕੇਵਲ ਪੰਜ ਸਾਲ ਦੀ ਉਮਰ 'ਚ ਹੀ ਉਹ ਗੁਰੂ- ਘਰਾਂ ਵਿੱਚ ਨਜ਼ਮ ਤੇ ਧਾਰਮਿਕ ਕਵਿਤਾਵਾਂ ਰਾਹੀਂ ਆਪਣੀ ਮਿੱਠੀ ਆਵਾਜ਼ ਦੀ ਛਾਪ ਛੱਡਣ ਲੱਗੇ।


ਪਿੰਡ ਦੀ ਰੌਣਕ 'ਚ ਜਦੋਂ ਵਿਆਹ ਦੀਆਂ ਜੰਞਾਂ ਨਾਲ ਵਾਜਿਆਂ ਦੀ ਧੁਨ ਘੁੰਮਦੀ, ਤਾਂ ਪਰਦੇਸੀ ਦੋਸਤਾਂ ਨਾਲ ਉਹ ਸੁਰਾਂ ਦੀ ਲਹਿਰ ਵਿੱਚ ਝੂਮਦੇ ਹੋਏ ਉਨ੍ਹਾਂ ਦੀ ਰਾਗਣੀ ਸੁਣਨ ਨਿਕਲ ਪੈਂਦੇ। ਇੱਕ ਵਾਰ ਗੁਰਦੁਆਰੇ ਵਿੱਚ ਗਾਈ ਇੱਕ ਨਜ਼ਮ 'ਤੇ ਮਿਲੇ ਚਾਂਦੀ ਦੇ ਰੁਪਏ ਦੀ ਇਨਾਮੀ ਝਲਕ ਨੇ ਉਨ੍ਹਾਂ ਦੇ ਮਨ ਵਿੱਚ ਸੰਗੀਤ ਪ੍ਰਤੀ ਪਿਆਰ ਨੂੰ ਹੋਰ ਵੀ ਮਜ਼ਬੂਤ ਕਰ ਦਿੱਤਾ।

1951 ਵਿੱਚ 14 ਸਾਲਾ ਦੀਦਾਰ ਸਿੰਘ ਆਪਣਾ ਕੈਰੀਅਰ ਬਣਾਉਣ ਲਈ ਕੀਨੀਆ ਆਪਣੇ ਪਿਤਾ ਜੀ ਅਤੇ ਆਪਣੇ ਭਰਾ ਕੋਲ ਚਲਾ ਗਿਆ। ਜਿੱਥੇ ਪੜ੍ਹਾਈ ਮੁਕੰਮਲ ਕਰਕੇ ਅਧਿਆਪਕ ਬਣਿਆ ਅਤੇ ਆਪਣੀ ਪੇਸ਼ਾਵਰ ਜ਼ਿੰਦਗੀ ਦੀ ਸ਼ੁਰੂਆਤ ਕੀਤੀ। ਹਾਲਾਂਕਿ ਪੇਸ਼ਾ ਅਧਿਆਪਨ ਦਾ ਸੀ ਪਰ ਦਿਲ ਗਾਇਕੀ ਦੇ ਰਾਹ ਤੇ ਉੱਡਣਾ ਚਾਹੁੰਦਾ ਸੀ।

ਉਸ ਦੀ ਆਵਾਜ਼ 'ਚ ਉਹ ਜਾਦੂ ਸੀ ਕਿ ਪੂਰਬੀ ਅਫ਼ਰੀਕਾ ਦੇ ਘਰ-ਘਰ 'ਚ ਉਸ ਦੀ ਰੋਮਾਂਚਕ ਗਾਇਕੀ ਦੀ ਗੂੰਜ ਰੇਡੀਓ ਰਾਹੀਂ ਗੂੰਜਣ ਲੱਗੀ। 'ਹੀਰ ਵਾਰਿਸ ਸ਼ਾਹ' ਦੀ ਰਚਨਾ ਨਾਲ ਉਸ ਨੇ ਆਪਣੀ ਗਾਇਕੀ ਦੀ ਸ਼ੁਰੂਆਤ ਉਸ ਧਰਤੀ ਤੋਂ ਕੀਤੀ। ਭੈਰਵੀ ਰਾਗ ਵਿੱਚ ਵਾਰਿਸ ਸ਼ਾਹ ਦੀ 'ਹੀਰ' ਸੁਣ ਕੇ ਉਸਤਾਦ ਅਲੀ ਅਕਬਰ ਖਾਂ ਪਰਦੇਸੀ ਤੋਂ ਇੰਨੇ ਖੁਸ਼ ਹੋਏ ਕਿ ਉਨ੍ਹਾਂ ਆਪਣੀ ਮੁੰਦਰੀ ਉਤਾਰ ਕੇ ਪਰਦੇਸੀ ਦੀ ਉਂਗਲ ਵਿੱਚ ਪਾ ਦਿੱਤੀ। ਪਰਦੇਸੀ ਨੇ ਅੱਜ ਵੀ ਉਸ ਪਿਆਰ ਦੀ ਨਿਸ਼ਾਨੀ ਨੂੰ ਬੜੇ ਸਤਿਕਾਰ ਨਾਲ ਸੰਭਾਲ ਕੇ ਰੱਖਿਆ ਹੋਇਆ ਹੈ।

ਨੈਰੋਬੀ ਦੇ ਇੱਕ ਸਮਾਗਮ ਵਿੱਚ ਜਦੋਂ ਪਰਦੇਸੀ ਨੇ ਮੁਹੰਮਦ ਰਫ਼ੀ ਸਾਹਿਬ ਤੋਂ ਇਜਾਜ਼ਤ ਲੈ ਕੇ ਉਨ੍ਹਾਂ ਦਾ ਹੀ ਗੀਤ 'ਚੌਦਵੀਂ ਕਾ ਚਾਂਦ ਹੋ' ਗਾਇਆ ਤਾਂ ਰਫ਼ੀ ਸਾਹਿਬ ਇੰਨੇ ਖੁਸ਼ ਹੋਏ ਕਿ ਉਨ੍ਹਾਂ ਨੇ ਪਰਦੇਸੀ ਨੂੰ ਗਲਵੱਕੜੀ ਵਿੱਚ ਲੈ ਕੇ ਕਿਹਾ "ਤੁਸੀਂ ਤਾਂ ਇਥੋਂ ਦੇ ਰਫ਼ੀ ਹੋ... ਪੂਰਬੀ ਅਫ਼ਰੀਕਾ ਦੇ ਰਫ਼ੀ!" ਇਹ ਉਪਾਧੀ ਪਰਦੇਸੀ ਲਈ ਸਿਰਫ਼ ਇੱਕ ਸਨਮਾਨ ਹੀ ਨਹੀਂ ਸੀ, ਸਗੋਂ ਉਸ ਦੀ ਮਿਹਨਤ ਅਤੇ ਕਲਾ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ।

ਦੀਦਾਰ ਸਿੰਘ ਪਰਦੇਸੀ ਨੇ ਉਰਦੂ, ਹਿੰਦੀ, ਪੰਜਾਬੀ ਦੀਆਂ ਗ਼ਜ਼ਲਾਂ, ਰੁਬਾਈਆਂ ਅਤੇ ਲੋਕਗੀਤਾਂ ਨੂੰ ਆਪਣੀ ਅਨਮੋਲ ਆਵਾਜ਼ ਦਿੱਤੀ। ਪਰ ਕਮਰਸ਼ੀਅਲ ਗਾਇਕੀ ਦੀਆਂ ਚਮਕਦਾਰ ਰਾਹਾਂ ਨੂੰ ਛੱਡ ਕੇ ਉਸ ਨੇ ਆਪਣਾ ਮਨ ਅਧਿਆਪਨ ਅਤੇ ਪ੍ਰਮਾਣਿਕ ਗਾਇਕੀ 'ਚ ਹੀ ਲਗਾਇਆ। ਮਹਾਨ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਉਹ ਮਹਿਫ਼ਲਾਂ ਦੀ ਰੌਣਕ ਬਣਾਉਂਦਾ। ਲੋਕ ਉਸਦੀ ਅਵਾਜ਼ 'ਤੇ ਵਾਹ ਵਾਹ ਕਰਦੇ ਅਤੇ ਇਹੀ ਤਾਰੀਫ਼ ਉਸ ਲਈ ਸਭ ਤੋਂ ਵੱਡਾ ਇਨਾਮ ਹੁੰਦੀ। ਮੁਹੰਮਦ ਰਫ਼ੀ ਦੇ ਸੈਂਕੜੇ ਗੀਤਾਂ ਤੋਂ ਇਲਾਵਾ ਉਸ ਨੇ ਪ੍ਰਕਾਸ਼ ਸਾਥੀ, ਸਾਹਿਰ ਲੁਧਿਆਣਵੀ, ਇਕਬਾਲ,ਮਿਰਜ਼ਾ ਗ਼ਾਲਿਬ,ਜਾਨ ਨਿਸਾਰ ਅਖ਼ਤਰ,ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਵਰਗੇ ਅਣਗਿਣਤ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਆਪਣੀ ਆਵਾਜ਼ ਦਿੱਤੀ। ਕਈ ਹਿੰਦੀ ਫਿਲਮਾਂ ਦੇ ਗੀਤਾਂ ਨੂੰ ਵੀ ਆਪਣੇ ਸੁਰਾਂ ਨਾਲ ਰੰਗਿਆ।




ਦੀਦਾਰ ਪਰਦੇਸੀ ਪੁਰਾਣੇ ਵੇਲਿਆਂ ਵਿੱਚ ਗੀਤ ਗਾਉਂਦੇ ਹੋਏ।

ਮਨਮੌਜੀ ਦੀਦਾਰ ਸਿੰਘ ਪਰਦੇਸੀ ਨੇ ਕਦੇ ਸੰਗੀਤ ਨੂੰ ਰੋਜ਼ੀ-ਰੋਟੀ ਨਹੀਂ ਬਣਾਇਆ, ਸਿਰਫ਼ ਆਪਣੇ ਮਨ ਦਾ ਸ਼ੌਕ ਹੀ ਬਣਾਇਆ। ਜਦੋਂ ਪੰਜਾਬੀ ਕਲਾਕਾਰ ਐਚ.ਐਮ.ਵੀ. ਤੋਂ ਆਪਣੇ ਗੀਤ ਰਿਕਾਰਡ ਹੋਣ ਦੀ ਖਾਹਿਸ਼ ਕਰਦੇ ਸਨ, ਉਦੋਂ ਪਰਦੇਸੀ ਵਲੋਂ ਇਸ ਕੰਪਨੀ ਨੂੰ ਨਾਂਹ ਕਰ ਦਿੱਤੀ ਗਈ। ਇਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਪਰਦੇਸੀ ਨੂੰ ਇਹ ਮਾਣ ਵੀ ਹਾਸਿਲ ਹੈ ਉਹ ਪੂਰਬੀ ਅਫ਼ਰੀਕਾ ਦਾ ਪਹਿਲਾ ਅਜਿਹਾ ਏਸ਼ਿਆਈ ਗਾਇਕ ਹੋਇਆ, ਜਿਸ ਦੇ ਗੀਤ 1967 'ਚ ਫਿਲਿਪਸ ਕੰਪਨੀ ਨੇ ਰਿਕਾਰਡ ਕੀਤੇ।

ਉਸ ਦੀਆਂ ਪ੍ਰਸਿੱਧ ਸੀ.ਡੀ. 'ਟੁੱਟੇ ਦਿਲ', 'ਇੱਕ ਬੂਟਾ ਅੰਬੀ ਦਾ', 'ਸਲਮਾ ਕੀ ਯਾਦ ਮੇਂ', 'ਪਿਆਸੀਆਂ ਰੂਹਾਂ' ਆਮ ਲੋਕਾਂ ਵਿੱਚ ਖੂਬ ਮਸ਼ਹੂਰ ਹੋਈਆਂ। ਇਨ੍ਹਾਂ ਸਾਰੀਆਂ ਰਚਨਾਵਾਂ ਨੂੰ ਉਸ ਨੇ ਆਪਣੀ ਕੰਪਨੀ 'ਪਰਦੇਸੀ ਆਰਟਸ' ਰਾਹੀਂ ਜਾਰੀ ਕੀਤਾ ਅਤੇ ਸਾਰੇ ਅਧਿਕਾਰ ਆਪਣੇ ਕੋਲ ਰੱਖੇ।

1979 ਵਿੱਚ ਦੀਦਾਰ ਸਿੰਘ ਪਰਦੇਸੀ ਦਾ ਐੱਲ.ਪੀ. ਰਿਕਾਰਡ 'ਸਲਮਾ ਕੀ ਯਾਦ ਮੇਂ' ਜਾਰੀ ਹੋਇਆ, ਜੋ ਬੇਹੱਦ ਮਕਬੂਲ ਹੋਇਆ। ਦਰਅਸਲ 'ਸਲਮਾ' ਜੋ ਸ਼ੀਰਾਨੀ ਸਾਹਿਬ ਨੇ ਲਿਖੀ ਸੀ, ਪਰ ਪਰਦੇਸੀ ਜੀ ਦੀ ਰੂਹ ਨੂੰ ਛੂਹਣ ਵਾਲੀ ਆਵਾਜ਼ ਨੇ ਇਸ ਨੂੰ ਅਮਰ ਕਰ ਦਿੱਤਾ। ਜਦੋਂ ਉਨ੍ਹਾਂ ਨੇ ਇਹ ਗ਼ਜ਼ਲ ਗਾਈ, ਤਾਂ ਇਹ ਸੰਗੀਤ ਕਲਾ ਦੇ ਇਤਿਹਾਸ 'ਚ ਇਨ੍ਹਾਂ ਦੇ ਨਾਂਅ ਨਾਲ ਇੰਨੀ ਗੂੜ੍ਹੀ ਜੁੜ ਗਈ ਕਿ ਬਹੁਤ ਸਾਰੇ ਲੋਕ ਉਨ੍ਹਾਂ ਨੂੰ ਪਿਆਰ ਨਾਲ 'ਸਲਮਾ ਵਾਲਾ ਪਰਦੇਸੀ' ਕਹਿ ਕੇ ਵੀ ਬੁਲਾਉਣ ਲੱਗ ਪਏ।

ਰੇਡੀਓ ਤੇ ਗਾਇਆ ਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਫ਼ਿਲਮਾਇਆ ਦੀਦਾਰ ਸਿੰਘ ਪਰਦੇਸੀ ਦਾ ਇਹ ਗੀਤ

ਰਾਤ ਚਾਨਣੀ ਮੈਂ ਟੁਰਾਂ
ਮੇਰਾ ਨਾਲ ਟੁਰੇ ਪਰਛਾਵਾਂ
ਜਿੰਦੇ ਮੇਰੀਏ ।
ਗਲੀਏ ਗਲੀਏ ਚਾਨਣ ਸੁੱਤੇ
ਮੈਂ ਕਿਸ ਗਲੀਏ ਆਵਾਂ
ਜਿੰਦੇ ਮੇਰੀਏ ।

ਜਿਸ ਦੀ ਰਚਨਾ ਸ਼ਿਵ ਕੁਮਾਰ ਬਟਾਲਵੀ ਨੇ ਕੀਤੀ,ਅੱਜ ਵੀ ਲੋਕਾਂ ਦੇ ਦਿਲਾਂ 'ਚ ਸਦਾਬਹਾਰ ਗੀਤ ਵਾਂਗੂ ਗੂੰਜ ਰਿਹਾ ਹੈ। ਲੰਮਾ ਅਰਸਾ ਅਧਿਆਪਕ, ਫਿਰ ਡਿਪਟੀ ਹੈੱਡ ਮਾਸਟਰ ਅਤੇ ਅਖੀਰਕਾਰ ਹੈੱਡ ਮਾਸਟਰ ਦੇ ਅਹੁਦੇ 'ਤੇ ਜ਼ਿੰਮੇਵਾਰੀਆਂ ਨਿਭਾਉਣ ਤੋਂ ਬਾਅਦ 88 ਸਾਲਾ ਦੀਦਾਰ ਸਿੰਘ ਪਰਦੇਸੀ ਅੱਜਕਲ੍ਹ ਇੰਗਲੈਂਡ ਵਿੱਚ ਆਪਣੇ ਪੁੱਤਰ ਦੇ ਨਾਲ ਰਹਿ ਰਹੇ ਹਨ। ਉਨ੍ਹਾਂ ਦਾ ਘਰ ਲੋਕਾਂ ਵਲੋਂ ਮਿਲੇ ਐਵਾਰਡਾਂ ਅਤੇ ਸਨਮਾਨਾਂ ਨਾਲ ਚਮਕ ਰਿਹਾ ਹੈ, ਅਤੇ ਸਰੋਤਿਆਂ ਵੱਲੋਂ ਮਿਲ ਰਹੀ ਪ੍ਰਸ਼ੰਸਾ ਦੇ ਅਸਮਾਨੀ ਭਰੋਸੇ ਉੱਤੇ ਉਹ ਅਜੇ ਵੀ ਉੱਡਦੇ ਦਿਸਦੇ ਹਨ। ਹਾਲਾਂਕਿ ਸਰੀਰਕ ਤੌਰ 'ਤੇ ਉਹ ਪੰਜਾਬ ਦੀ ਧਰਤੀ ਤੋਂ ਦੂਰ ਹਨ, ਪਰ ਉਨ੍ਹਾਂ ਦੀ ਰੂਹ ਅਜੇ ਵੀ ਆਪਣੀ ਮਾਂ-ਧਰਤੀ ਦੀ ਖ਼ੁਸ਼ਬੂ ਨਾਲ ਰਮੀ ਹੋਈ ਹੈ।



**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# ਮਜ਼ਦੂਰ ਦਿਵਸ ਇਕ ਮਈ ਨੂੰ ਕਿਓਂ ਮਨਾਇਆ ਜਾਂਦਾ ਹੈ

**ਮਜ਼ਦੂਰ ਦਿਵਸ ਤੇ ਵਿਸ਼ੇਸ਼**

ਇਕ ਮਈ ਨੂੰ ਕਈ ਦੇਸ਼ਾਂ ਵਿੱਚ ਅੰਤਰਰਾਸ਼ਟਰੀ ਤੌਰ ਤੇ ਮਜ਼ਦੂਰ ਦਿਵਸ ਜਾਨੀ ਮਈ ਦਿਵਸ ਮਨਾਇਆ ਜਾਂਦਾ ਹੈ।ਇਸ ਨੂੰ ਲੈਬਰ ਡੇ, ਮਜ਼ਦੂਰ ਦਿਵਸ, ਮਈ-ਡੇ, ਆਦਿ ਅਲੱਗ ਅਲੱਗ ਨਾਮ ਹੇਠ ਮਨਾਇਆ ਜਾਂਦਾਂ ਹੈ। ਇਸ ਦਿਨ ਭਾਰਤ ਸਮੇਤ ਸਾਰੇ ਦੇਸ਼ਾਂ ਵਿਚ ਮਿਹਨਤਕਸ਼ ਲੋਕਾਂ ਭਾਵ ਅਲੱਗ ਅਲੱਗ ਕਿਤਿਆਂ, ਕੰਪਨੀਆਂ, ਫੈਕਟਰੀਆਂ, ਭੱਠਿਆਂ ਸਮੇਤ ਹਰ ਜਗ੍ਹਾ ਕੰਮ ਕਰ ਰਹੇ ਮਜ਼ਦੂਰਾਂ ਦੀਆਂ ਮੁਸਕਲਾਂ ਅਤੇ ਉਪਲੱਬਧੀਆਂ ਬਾਰੇ ਮਜ਼ਦੂਰ ਯੂਨੀਅਨ ਵੱਲੋਂ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਅਲੱਗ ਅਲੱਗ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਤਰੱਕੀ ਲਈ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਜਾਂਦਾ ਹੈ। ਅਤੇ ਉਨ੍ਹਾਂ ਦਾ ਯੋਗਦਾਨ ਲਈ ਵਿਸ਼ੇਸ਼ ਧੰਨਵਾਦ ਕੀਤਾ ਜਾਦਾ ਹੈ। ਮਜ਼ਦੂਰ ਵਰਗ ਇਸ ਨੂੰ ਏਕਤਾ, ਬਰਾਬਰਤਾ, ਅਤੇ ਹੱਕਾਂ ਦੇ ਸਮਰਥਨ ਲਈ ਮਨਾਉਂਦੇ ਹਨ।ਇਸ ਦਿਨ ਦੁਨੀਆਂ ਦੇ ਅਲੱਗ ਅਲੱਗ ਦੇਸ਼ਾਂ ਵਿਚ ਛੁੱਟੀ ਵੀ ਕੀਤੀ ਜਾਂਦੀ ਹੈ।ਇਸ ਦਿਨ ਅਲੱਗ ਅਲੱਗ ਸੰਗਠਨਾਂ ਨਾਲ ਜੁੜੇ ਮਜ਼ਦੂਰ ਲੋਕਾਂ ਵੱਲੋਂ ਆਪੋ ਆਪਣੀ ਯੂਨੀਅਨ ਹੇਠ ਹੱਕਾਂ ਲਈ ਰੈਲੀਆਂ ਅਤੇ ਮੀਟਿੰਗਾਂ ਵੀ ਕੀਤੀਆਂ ਜਾਂਦੀਆਂ ਹਨ।ਅਤੇ ਉਨ੍ਹਾਂ ਵੱਲੋਂ ਆਪਣੇ ਅਧਿਕਾਰਾਂ ਲਈ ਅਵਾਜ਼ ਬੁਲੰਦ ਕੀਤੀ ਜਾਂਦੀ ਹੈ। ਭਾਵੇਂ ਕਿ ਲੋਕ ਡਾਊਨ ਦੇ ਦਿਨਾਂ ਵਿਚ ਮਜ਼ਦੂਰ ਵਰਗ ਵੀ ਕਾਫੀ ਪ੍ਰਭਾਵਿਤ ਹੋਇਆ ਸੀ। ਭਾਰਤ ਦੇ ਮਜ਼ਦੂਰ ਲੋਕ ਪੂਰੇ ਭਾਰਤ ਸਮੇਤ ਵਿਦੇਸ਼ਾਂ ਵਿਚ ਵੀ ਵਸੇ ਹੋਏ ਹਨ। ਇਨ੍ਹਾਂ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਅਲੱਗ ਅਲੱਗ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਕਈ ਤਰ੍ਹਾਂ ਦੀਆਂ ਸੁਵਿਧਾਵਾਂ ਦਿੱਤੀਆਂ ਗਈਆਂ ਹਨ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਮਜ਼ਦੂਰ ਦਿਵਸ ਦੀ ਹੋਂਦ ਲਈ ਮਜ਼ਦੂਰਾਂ ਨੂੰ ਅਨੇਕਾਂ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ ਹੈ। ਭਾਰਤ ਵਿਚ ਮਜ਼ਦੂਰ ਦਿਵਸ ਦੀ ਸ਼ੁਰੂਆਤ 1 ਮਈ 1923 ਵਿਚ ਹੋਈ ਅਤੇ ਇਸ ਨੂੰ ਲੇਬਰ ਡੇਅ,ਮਈ ਦਿਵਸ, ਸਮਿਕ ਦਿਵਸ, ਮਜ਼ਦੂਰ ਦਿਵਸ ਆਦਿ ਨਾਮ ਜਥੇਬੰਦੀਆਂ ਵੱਲੋਂ ਦਿੱਤੇ ਗਏ। ਇਸ ਦਿਨ ਸਾਰੀਆਂ ਕੰਪਨੀਆਂ ਵਿਚ ਕੰਮ ਕਰਨ ਵਾਲੀ ਲੇਬਰ ਨੂੰ ਛੁੱਟੀ ਕੀਤੀ ਜਾਂਦੀ ਹੈ। ਅਤੇ ਇਸ ਦਿਨ ਦੁਨੀਆਂ ਦੇ ਕਰੀਬਨ 80 ਦੇਸ਼ ਰਾਸ਼ਟਰੀ ਤੌਰ ਤੇ ਕਾਮਿਆਂ ਲਈ ਛੁੱਟੀ ਕਰਦੇ ਹਨ।ਮਜ਼ਦੂਰ ਦਿਵਸ ਮਨਾਉਣ ਦੀ ਸ਼ੁਰੂਆਤ 1 ਮਈ 1886 ਵਿਚ ਅਮਰੀਕਾ ਦੇ ਸੰਗਠਨ ਵੱਲੋਂ ਹੋਈ ਸੀ। ਇਸ ਦਿਨ ਅਮਰੀਕਾ ਦੀ ਲੇਬਰ ਵੱਲੋਂ ਫ਼ੈਸਲਾ ਕੀਤਾ ਗਿਆ ਸੀ ਕਿ ਉਹ 8 ਘਿੰਟੇ ਤੋਂ ਜ਼ਿਆਦਾ ਕੰਮ ਨਹੀਂ ਕਰਨਗੇ।ਇਸ ਦਿਨ ਅਮਰੀਕਾ ਵਿਚ ਤਿੰਨ ਲੱਖ ਮਜ਼ਦੂਰ ਇਕੱਠੇ ਹੋਏ ਸਨ। ਅਤੇ ਉਨ੍ਹਾਂ ਵੱਲੋਂ ਆਪਣੇ ਅਧਿਕਾਰਾਂ ਲਈ ਹੜਤਾਲ ਕਰ ਦਿੱਤੀ ਗਈ। ਇਸੇ ਤਰ੍ਹਾਂ ਸ਼ਿਕਾਗੋ ਵਿੱਚ ਵੀ ਮਜ਼ਦੂਰਾਂ ਵੱਲੋਂ 4 ਮਈ 1886 ਨੂੰ ਅੱਠ ਘਿੰਟੇ ਕੰਮ ਕਰਨ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਗਿਆ। ਇਸ ਦੋਰਾਨ ਸ਼ਿਕਾਗੋ ਦੀ ਹੇਅ ਮਾਰਕੀਟ ਵਿਚ ਬੰਬ ਧਮਾਕਾ ਹੋ ਗਿਆ। ਤੇ ਸ਼ਿਕਾਗੋ ਦੀ ਪੁਲਿਸ ਵੱਲੋਂ ਪ੍ਰਦਰਸ਼ਨ ਕਰ ਰਹੇ ਮਜ਼ਦੂਰਾਂ ਤੇ ਗੋਲੀ ਚਲਾ ਦਿੱਤੀ ਗਈ।ਇਸ ਨਾਲ ਕਈ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕਰੀਬਨ 100 ਤੋਂ ਜ਼ਿਆਦਾ ਮਜ਼ਦੂਰ ਜ਼ਖ਼ਮੀ ਕਰ ਦਿੱਤੇ ਗਏ। ਸ਼ਿਕਾਗੋ ਦੇ ਮਜ਼ਦੂਰ ਸੰਗਠਨਾਂ ਵੱਲੋਂ ਪਹਿਲੀ ਵਾਰ ਆਪਣੇ ਸ਼ਹੀਦ ਹੋਏ ਸਾਥੀਆਂ ਦੀ ਯਾਦ ਵਿਚ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਘਟਨਾ ਤੋਂ ਬਾਅਦ 1889 ਨੂੰ ਪੈਰਿਸ ਦੇ ਅੰਤਰਰਾਸ਼ਟਰੀ ਸਮਾਜਵਾਦੀ ਸਮੇਲਨ ਵਿਚ ਸ਼ਿਕਾਗੋ ਵਿਚ ਮਾਰੇ ਮਜ਼ਦੂਰਾਂ ਨੂੰ ਸ਼ਰਧਾਂਜਲੀ ਦਿੰਦਿਆਂ ਐਲਾਨ ਕੀਤਾ ਗਿਆ 1 ਮਈ ਨੂੰ ਇਸ ਦਿਨ ਨੂੰ ਮਜ਼ਦੂਰ ਦਿਵਸ ਦੇ ਰੂਪ ਵਿਚ ਮਨਾਇਆ ਜਾਇਆਂ ਕਰੇਗਾ। ਅਤੇ ਇਸ ਦਿਨ ਸਾਰੇ ਮਜ਼ਦੂਰ ਆਪਣੇ ਕੰਮਾਂ ਤੋਂ ਛੁੱਟੀ ਕਰਨਗੇ।ਮਜ਼ਦੂਰਾਂ ਦੇ ਸੰਗਠਨ ਅੱਗੇ ਝੁੱਕਦਿਆਂ ਸਰਕਾਰ ਵੱਲੋਂ ਬੰਬ ਧਮਾਕੇ ਦੀ ਜਾਂਚ ਕੀਤੀ ਗਈ ਅਤੇ ਦੋਸ਼ੀ ਪਾਏ ਅਪਰਾਧੀਆਂ ਨੂੰ ਸ਼ਰੇਆਮ ਫਾਸੀ ਦੇ ਦਿੱਤੀ ਗਈ। ਇਸੇ ਤਰ੍ਹਾਂ ਭਾਰਤ ਵਿਚ ਮਜ਼ਦੂਰ ਦਿਵਸ ਦੀ ਸ਼ੁਰੂਆਤ ਮਦਰਾਸ ਵਿਚ ਹੋਈ । ਲੇਬਰ ਕਿਸਾਨ ਪਾਰਟੀ ਵੱਲੋਂ 1923 ਵਿਚ ਪਹਿਲੀ ਵਾਰ ਇਸ ਦਿਨ ਅਜ਼ਾਦੀ ਤੋਂ ਪਹਿਲਾਂ ਭਾਰਤ ਵਿਚ ਲਾਲ ਝੰਡੇ ਨੂੰ ਉਠਾਇਆ ਤੇ ਲਹਿਰਾਇਆ ਗਿਆ। ਇਸ ਪਾਰਟੀ ਦੇ ਆਗੂ ਸ਼ਿੰਗਾਰਾ ਵੈਲੂ ਚੇਤਿਅਰ ਨੇ ਇਕ ਦਿਨ ਵਿਚ ਦੋ ਜਗ੍ਹਾ ਪ੍ਰੋਗਰਾਮ ਰੱਖਿਆ ਸੀ। ਪਹਿਲਾਂ ਪ੍ਰੋਗਰਾਮ ਟ੍ਰਿਪਲੀ ਕੇਨ ਵਿਚ ਅਤੇ ਦੂਸਰਾ ਪ੍ਰੋਗਰਾਮ ਮਦਰਾਸ ਦੇ ਹਾਈਕੋਰਟ ਦੇ ਸਾਮਣੇ ਰੱਖਿਆ ਗਿਆ ਸੀ। ਇਸੇ ਦਿਨ ਪਾਰਟੀ ਆਗੂ ਵੱਲੋਂ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ 1 ਮਈ ਨੂੰ ਮਜ਼ਦੂਰ ਦਿਵਸ ਘੋਸ਼ਿਤ ਕੀਤਾ ਜਾਵੇ। ਅਤੇ ਇਸ ਦਿਨ ਸਾਰੇ ਮਜ਼ਦੂਰਾਂ ਨੂੰ ਕੰਮ ਤੋਂ ਛੁੱਟੀ ਦਿੱਤੀ ਜਾਵੇ।ਇਸ ਦਿਨ ਤੋਂ ਮਜ਼ਦੂਰਾਂ ਨਾਲ ਹੁੰਦੀ ਹਿੰਸਾਂ ਖਿਲਾਫ ਵੀ ਅਵਾਜ਼ ਬੁਲੰਦ ਕੀਤੀ ਗਈ। ਇਸ ਤੋਂ ਬਾਅਦ ਪੂਰੇ ਭਾਰਤ ਵਿਚ ਮਜ਼ਦੂਰ ਨੇਤਾ ਮਜ਼ਦੂਰਾਂ ਦੇ ਪੱਖ ਵਿਚ ਨਿਤਰੇ ਇਸ ਵਿਚ ਮੁੱਖ ਭੂਮਿਕਾ ਨਰਾਇਣ ਸਾਮੰਤ ਡਾਕਟਰ ਦੀ ਰਹੀ। ਇਨ੍ਹਾਂ ਦੀ ਅਗਵਾਈ ਹੇਠ ਬੰਬੇ ਹੜਤਾਲ ਕੀਤੀ ਗਈ। ਜਿਸ ਨੇ ਪੂਰੀ ਬੰਬਈ ਹਿਲਾ ਕੇ ਰੱਖ ਦਿੱਤੀ।ਇਸ ਹੜਤਾਲ ਤੋਂ ਬਾਅਦ 1947 ਵਿਚ ਮਜ਼ਦੂਰਾਂ ਦੇ ਹੱਕਾਂ ਲਈ ਕਨੂੰਨ ਬਣਾਇਆ ਗਿਆ। ਇਸੇ ਤਰਾਂ ਜਾਰਜ਼ ਫਰਨਾਂਡਿਸ ਵੀ ਮਜ਼ਦੂਰਾਂ ਦੇ ਮੁੱਖ ਨੇਤਾ ਵੱਲੋਂ ਉਭਰੇ ਉਨ੍ਹਾਂ ਵੱਲੋਂ ਰੇਲ ਹੜਤਾਲ ਵੀ ਕੀਤੀ ਗਈ ਸੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਅੱਜ ਵੀ ਮਜ਼ਦੂਰ ਸੰਗਠਨਾਂ ਵੱਲੋਂ ਭਾਰਤ ਅਤੇ ਦੁਨੀਆ ਭਰ ਦੇ ਦੇਸ਼ਾਂ ਵਿਚ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ।



**ਲੇਖਕ ਹਰਜਿੰਦਰ ਸਿੰਘ ਚੰਦੀ**
**ਰਸੂਲਪੁਰ, ਮਹਿਤਪੁਰ ਤਹਿਸੀਲ**
**ਨਕੋਦਰ ਜਿਲਾ ਜਲੰਧਰ**
**9814601638**

# ਅੰਤਰਰਾਸ਼ਟਰੀ ਮਜ਼ਦੂਰ ਦਿਵਸ



ਅੰਤਰਰਾਸ਼ਟਰੀ ਮਜ਼ਦੂਰ ਦਿਵਸ ਪਹਿਲੀ ਮਈ ਨੂੰ ਮਨਾਇਆ ਜਾਂਦਾ ਹੈ।ਇਤਿਹਾਸਕ ਪੱਖੋਂ ਇਹ ਸਹੀ ਹੈ ।ਪਰ ਅੱਜ ਦੀ ਜ਼ਿੰਦਗੀ ਵਿਚ ਦੇਖਿਆ ਜਾਵੇ ਤਾਂ ਮਜ਼ਦੂਰਾਂ ਦਾ ਕੋਈ ਦਿਹਾੜਾ ਨਹੀਂ ਹੁੰਦਾ ਸਗੋਂ ਦਿਹਾੜੀ ਹੁੰਦੀ ਹੈ।ਮਜ਼ਦੂਰ ਦਿਵਸ ਦੇ ਨਾਂ ਤੇ ਛੁੱਟੀ ਹੋਵੇਗੀ,ਅਨੇਕਾਂ ਸੈਮੀਨਾਰ ਅਤੇ ਕਾਨਫਰੰਸਾਂ ਕਰਵਾਈਆਂ ਜਾਣਗੀਆਂ।ਕਵੀ ਦਰਬਾਰ ਕਰਵਾਏ ਜਾਣਗੇ ਜਿੱਥੇ ਮਜ਼ਦੂਰ ਦੀ ਬੇਵਸੀ ਦੀਆਂ ਗੱਲਾਂ ਹੋਣਗੀਆਂ।ਮਜ਼ਦੂਰ ਦੇ ਆਰਥਿਕ ਤੇ ਮਾਨਸਿਕ ਹਾਲਾਤ ਦਾ ਚਿਤਰਣ ਕੀਤਾ ਜਾਏਗਾ।ਇਨ੍ਹਾਂ ਗੱਲਾਂ ਦੇ ਉੱਪਰ ਵਾਹਵਾਹੀ ਖੱਟੀ ਜਾਏਗੀ।ਪਰ ਮਜ਼ਦੂਰ ਲਈ ਮਜ਼ਦੂਰ ਦਿਵਸ ਇੱਕ ਹੋਰ ਦਿਹਾੜੀ ਹੋਵੇਗੀ।ਉਹ ਰੋਟੀ ਵਾਲਾ ਡੱਬਾ ਚੁੱਕ ਸਵੇਰੇ ਘਰੋਂ ਤੁਰੇਗਾ ਦਿਹਾੜੀ ਦੀ ਤਲਾਸ਼ ਵਿੱਚ।ਇਸ ਉਮੀਦ ਵਿੱਚ ਕਿ ਅੱਜ ਦਿਹਾੜੀ ਮਿਲੇਗੀ ਤੇ ਉਹ ਘਰ ਆਟਾ ਲਿਜਾ ਸਕੇਗਾ।ਜੇ ਸਬਜ਼ੀ ਨਾ ਬਣ ਸਕੀ ਤਾਂ ਲੂਣ ਨਾਲ ਹੀ ਸੀ ਬੱਚਿਆਂ ਦਾ ਢਿੱਡ ਭਰੇਗਾ।ਬਿਮਾਰ ਮਾਂ ਦੀ ਦਵਾਈ ਦਾ ਇੰਤਜ਼ਾਮ ਕਰਨ ਦੀ ਕੋਸ਼ਿਸ਼ ਕਰੇਗਾ।ਸਾਈਕਲ ਤੇ ਲੇਬਰ ਚੌਕ ਪਹੁੰਚ ਇੰਤਜ਼ਾਰ ਕਰੇਗਾ।ਬਹੁਤ ਦੇਰ ਬੈਠੇ ਰਹਿਣ ਤੋਂ ਬਾਅਦ ਨਿਰਾਸ਼ਾ ਹੀ ਪੱਲੇ ਪਵੇਗੀ ਤੇ ਉਹ ਆਪਣਾ ਡੱਬਾ ਚੁੱਕ ਵਾਪਸ ਤੁਰ ਪਵੇਗਾ।ਕਿਸੇ ਵੀ ਦਿਵਸ ਨੂੰ ਮਨਾਉਣ ਨਾਲ ਹਾਲਾਤ ਵਿਚ ਕਦੀ ਫ਼ਰਕ ਨਹੀਂ ਪਿਆ ਕਿਉਂਕਿ ਅਸੀਂ ਇਨ੍ਹਾਂ ਨੂੰ ਰਸਮੀ ਤੌਰ ਤੇ ਮਨਾਉਂਦੇ ਹਾਂ।ਅੱਜ ਮਹਿੰਗਾਈ ਅਸਮਾਨ ਛੂਹ ਰਹੀ ਹੈ।ਇਕ ਆਮ ਆਦਮੀ ਨੂੰ ਰੋਟੀ ਖਾਣੀ ਮੁਸ਼ਕਿਲ ਹੋ ਰਹੀ ਹੈ।ਇਸ ਵਿਚ ਮਜ਼ਦੂਰ ਬਾਰੇ ਕੌਣ ਸੋਚਦਾ ਹੈ।ਚਾਰ ਸੌ ਰੁਪਏ ਦੀ ਦਿਹਾੜੀ ਉਹ ਵੀ ਕਦੀ ਲੱਗੀ ਤੇ ਕਦੀ ਨਹੀਂ।ਕਿਵੇਂ ਕਰੇਗਾ ਉਹ ਆਪਣੇ ਪਰਿਵਾਰ ਦੀ ਪੇਟ ਭਰਨ ਦਾ ਇੰਤਜ਼ਾਮ।ਪੇਟ ਭਰਨ ਤੋਂ ਇਲਾਵਾ ਉਸ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਵੀ ਹਨ।ਜਵਾਨ ਹੋ ਰਹੀ ਧੀ ਵੱਲ ਦੇਖ ਕੇ ਉਸ ਨੂੰ ਕਿਵੇਂ ਹੌਲ ਪੈਂਦੇ ਹਨ ਉਹੀ ਜਾਣਦਾ ਹੈ।ਇਕ ਨਿੱਕੇ ਜਿਹੇ ਕਮਰੇ ਵਿੱਚ ਸਾਰੇ ਪਰਿਵਾਰ ਦਾ ਰਹਿਣਾ,ਬਿਜਲੀ ਦਾ ਨਾ ਹੋਣਾ,ਗਰਮੀ ਤੇ ਹੁੰਮਸ ਦੇ ਦਿਨਾਂ ਵਿੱਚ ਤੜਫ਼ਣਾ,ਨਵੇਂ ਕੱਪੜੇ ਇੱਕ ਸੁਫਨਾ ਹੋਣਾ ਆਪਣੇ ਆਪ ਵਿੱਚ ਬੜਾ ਮੁਸ਼ਕਿਲ ਹੈ।ਕੁਝ ਦਇਆਵਾਨ ਇਨਸਾਨ ਮਜ਼ਦੂਰਾਂ ਨੂੰ ਉਨ੍ਹਾਂ ਦੇ ਬੱਚਿਆਂ ਲਈ ਪੁਰਾਣੇ ਕੱਪੜੇ ਦੀ ਦਿੰਦੇ ਹਨ।ਕਦੇ ਸੋਚ ਕੇ ਵੇਖੋ ਉਤਰਨ ਪਾਓਣਾ ਕਿੰਨਾ ਔਖਾ ਹੈ।ਅੱਜ ਸਾਡੇ ਦੇਸ਼ ਵਿੱਚ ਮਜ਼ਦੂਰ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ।ਮਜ਼ਦੂਰੀ ਖ਼ਾਤਰ ਉਨ੍ਹਾਂ ਨੂੰ ਪਰਵਾਸ ਕਰਨਾ ਪੈ ਰਿਹਾ ਹੈ।ਕੋਰੋਨਾ ਕਾਲ ਵਿਚ ਮਜ਼ਦੂਰਾਂ ਤੇ ਜੋ ਵਾਪਰਿਆ ਅਸੀਂ ਸਭ ਨੇ ਦੇਖਿਆ ਹੈ।ਅੱਜ ਜਦੋਂ ਹਰ ਕੋਈ ਮਜ਼ਦੂਰ ਦਿਵਸ ਦੀਆਂ ਮੁਬਾਰਕਾਂ ਦੇਵੇਗਾ ਧਨ ਨਾਲ ਉਹ ਆਪਣੇ ਮਨ ਵਿੱਚ ਇੱਕ ਅੰਤਰ ਝਾਤ ਵੀ ਮਾਰ ਲਵੇ।ਅਸੀਂ ਆਪਣੀ ਤਨਖ਼ਾਹ ਵਧਣ ਦੀ ਇੱਛਾ ਕਰਦੇ ਹਾਂ ਇਸ ਨੂੰ ਆਪਣਾ ਹੱਕ ਸਮਝਦੇ ਹਾਂ।ਪਰ ਮਜ਼ਦੂਰ ਨੂੰ ਉਸ ਦੀ ਮਜ਼ਦੂਰੀ ਦਿੰਦੇ ਹੋਏ ਸਾਨੂੰ ਔਖਾ ਲੱਗਦਾ।ਆਓ ਇਸ ਮਜ਼ਦੂਰ ਦਿਵਸ ਤੇ ਅਹਿਦ ਕਰੀਏ ਜੋ ਅਸੀਂ ਮਜ਼ਦੂਰਾਂ ਦੀ ਬਿਹਤਰੀ ਲਈ ਕੰਮ ਕਰਾਂਗੇ।ਮਜ਼ਦੂਰ ਨੂੰ ਉਸ ਦੀ ਬਣਦੀ ਦਿਹਾੜੀ ਦੇਵਾਂਗੇ।ਇਸ ਗੱਲ ਨੂੰ ਸਮਝਾਂਗੇ ਕਿ ਉਹ ਵੀ ਸਾਡੇ ਬਰਾਬਰ ਦਾ ਮਨੁੱਖ ਹੈ।



**ਹਰਪ੍ਰੀਤ ਕੌਰ ਸੰਧੂ**
**9041073310**

# ਸਾਡੇ ਪੁਰਖੇ ਸਾਡੇ ਨਾਇਕ

**ਮਜ਼ਦੂਰ ਦਿਹਾੜੇ 'ਤੇ ਵਿਸ਼ੇਸ਼**

ਮਜ਼ਦੂਰ ਦਿਵਸ ਦੁਨੀਆ ਭਰ ਦੇ ਮਿਹਨਤਕਸ਼ ਲੋਕਾਂ ਦਾ ਗੌਰਵਮਈ ਦਿਹਾੜਾ ਹੈ, ਜਿਹੜਾ ਕਿ ਸ਼ਿਕਾਗੋ ਦੇ ਮਜ਼ਦੂਰਾਂ ਦੀ ਮਹਾਨ ਸ਼ਹਾਦਤ ਦੀ ਯਾਦ ਵਿੱਚ ਹਰ ਸਾਲ ਮਨਾਇਆ ਜਾਂਦਾ ਹੈ। ਭਾਵੇਂ ਅੱਜਕੱਲ੍ਹ ਇਸ ਦਿਨ ਨੂੰ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਬਣਾਈਆਂ ਗਈਆਂ ਅਖੌਤੀ ਟ੍ਰੇਡ ਯੂਨੀਅਨਾਂ ਵੀ ਰੀਸੋ-ਰੀਸੀ ਮਨਾਉਣ ਲੱਗ ਪਈਆਂ ਹਨ, ਜਿਨ੍ਹਾਂ ਵਿੱਚ ਸਰਮਾਏਦਾਰਾ ਨਿਜ਼ਾਮ ਦੀ ਨੁਮਾਇੰਦਗੀ ਕਰਨ ਵਾਲੀ ਮੁੱਖ ਪਾਰਟੀ ਕਾਂਗਰਸ ਵੀ ਸ਼ਾਮਲ ਹੈ ਅਤੇ ਕੱਟੜਪੰਥੀ ਤਾਕਤਾਂ ਦੀ ਸਰਪ੍ਰਸਤ ਭਾਰਤੀ ਜਨਤਾ ਪਾਰਟੀ ਵੀ, ਜਿਹੜੀਆਂ ਕਿ ਕਿਸੇ ਵੀ ਹਾਲਤ ਵਿੱਚ ਮਜ਼ਦੂਰ ਪੱਖੀ ਹੋ ਹੀ ਨਹੀਂ ਸਕਦੀਆਂ। ਸਿੱਧੇ ਅਤੇ ਸਪੱਸ਼ਟ ਰੂਪ ਵਿੱਚ ਇਹ ਦਿਹਾੜਾ ਕਮਿਊਨਿਸਟ ਵਿਚਾਰਧਾਰਾ ਨੂੰ ਪ੍ਰਣਾਈਆਂ ਹੋਈਆਂ ਜੱਥੇਬੰਦੀਆਂ ਨਾਲ ਹੀ ਸਬੰਧ ਰੱਖਦਾ ਹੈ ਕਿਉਂਕਿ ਮਾਰਕਸਵਾਦ ਹੀ ਇੱਕੋ-ਇੱਕ ਅਜਿਹਾ ਸਿਧਾਂਤ ਹੈ, ਜੋ ਸਹੀ ਅਰਥਾਂ ਵਿੱਚ ਪੂੰਜੀਵਾਦੀ ਪ੍ਰਬੰਧ ਦੇ ਖ਼ਿਲਾਫ਼ ਸੰਘਰਸ਼ ਕਰਨ ਦੇ ਸਮਰੱਥ ਹੈ। ਬੇਸ਼ੱਕ ਮੈਂ ਕਦੇ ਕਿਸੇ ਹੋਰ ਸਮਾਗਮ ਵਿੱਚ ਸ਼ਾਮਲ ਹੋ ਸਕਾਂ ਜਾਂ ਨਾ ਪਰ ਹਮੇਸ਼ਾ ਹੀ ਮੇਰੀ ਇਹ ਕੋਸ਼ਿਸ਼ ਰਹੀ ਹੈ ਕਿ ਮੈਂ ਪਹਿਲੀ ਮਈ ਦੇ ਮਜ਼ਦੂਰ ਦਿਹਾੜੇ ਨੂੰ ਸਮਰਪਿਤ ਸਮਾਗਮਾ ਵਿੱਚ ਜ਼ਰੂਰ ਸ਼ਾਮਲ ਹੋਵਾਂ। ਬੇਸ਼ੱਕ ਮਨੂ-ਸਿਮਰਤੀ ਅਤੇ ਅਜੋਕੇ ਸੰਵਿਧਾਨਿਕ ਪ੍ਰਬੰਧ ਵੱਲੋਂ ਕੀਤੀ ਗਈ ਵਰਗ ਵੰਡ ਮੁਤਾਬਿਕ ਮੈਂ ਵੀ ਦਲਿਤ ਭਾਈਚਾਰੇ ਵਿੱਚ ਹੀ ਗਿਣਿਆ ਜਾਂਦਾ ਹਾਂ ਪਰ ਮੇਰੀ ਸੋਚ ਕਦੇ ਵੀ ਦਲਿਤਵਾਦੀ ਨਹੀਂ ਰਹੀ। ਮੇਰੀ ਵਿਚਾਰਧਾਰਾ ਸ਼ੁਰੂ ਤੋਂ ਹੀ ਜਮਾਤੀ ਵੰਡ ਨੂੰ ਸਵਿਕਾਰਦੀ ਰਹੀ ਹੈ ਕਿਉਂਕਿ ਮੈਂ ਦੇਖਦਾ ਹਾਂ ਕਿ ਇੱਕ ਗਰੀਬ ਦਲਿਤ ਨੂੰ ਇੱਕ ਅਮੀਰ ਦਲਿਤ ਵੀ ਓਨੀ ਹੀ ਨਫ਼ਰਤ ਕਰਦਾ ਹੈ, ਜਿੰਨੀ ਉੱਚੀਆਂ ਸਮਝੀਆਂ ਜਾਂਦੀਆਂ ਜਾਤਾਂ ਵਾਲੇ ਹੋਰ ਲੋਕ ਕਰਦੇ ਹਨ। ਜਦੋਂ ਵੀ ਕੋਈ ਦਲਿਤ ਰੱਜ ਕੇ ਰੋਟੀ ਖਾਣੀ ਸ਼ੁਰੂ ਕਰ ਦਿੰਦਾ ਹੈ, ਤਾਂ ਸਭ ਤੋਂ ਪਹਿਲਾਂ ਉਹ ਆਪਣਾ ਘਰ ਬਸਤੀ ਵਿੱਚੋਂ ਵੇਚ ਕੇ ਉੱਚੀਆਂ ਸਮਝੀਆ ਜਾਂਦੀਆਂ ਜਾਤੀਆਂ ਵਿੱਚ ਹੀ ਪਾਉਂਦਾ ਹੈ। ਉਹ ਆਪਣੇ ਪਿੱਛੇ ਰਹਿ ਗਏ ਭਰਾਵਾਂ ਵਿੱਚ ਨਹੀਂ ਰਲਣਾ ਚਾਹੁੰਦਾ ਅਤੇ ਉੱਪਰ ਵਾਲੇ ਉਸ ਨੂੰ ਆਪਣੇ ਨਾਲ ਨਹੀਂ ਰਲਾਉਣਾ ਚਾਹੁੰਦੇ। ਅਸਲ ਵਿੱਚ ਭਾਰਤੀ ਸਮਾਜਿਕ ਢਾਂਚੇ ਦੀ ਸਹੀ ਤਸਵੀਰ ਇਹੋ ਹੀ ਹੈ, ਜਿਸ ਨੂੰ ਸਮਝੇ ਬਿਨਾਂ ਗੱਲ ਅੱਗੇ ਨਹੀਂ ਤੁਰ ਸਕਦੀ।

ਕਮਿਊਨਿਸਟ ਪਾਰਟੀ ਦੇ ਇੱਕ ਸਰਗਰਮ ਆਗੂ ਦੇ ਗੁਆਢ ਵਿੱਚ ਰਹਿੰਦਾ ਹੋਣ ਕਰਕੇ ਅਤੇ ਉਨ੍ਹਾਂ ਨਾਲ ਵਧੀਆ ਪਰਿਵਾਰਕ ਸਬੰਧ ਹੋਣ ਕਰਕੇ ਬਚਪਨ ਤੋਂ ਹੀ ਮੇਰੇ ਉੱਤੇ ਮਾਰਕਸਵਾਦੀ ਵਿਚਾਰਧਾਰਾ ਦਾ ਬੜਾ ਗਹਿਰਾ ਪ੍ਰਭਾਵ ਸੀ। ਇਨ੍ਹਾਂ ਦੇ ਸੰਪਰਕ ਵਿੱਚ ਰਹਿਣ ਕਰਕੇ ਮੈਨੂੰ ਕਮਿਊਨਿਸਟ ਪਾਰਟੀ ਦੇ ਬਹੁਤ ਸਾਰੇ ਵੱਡੇ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਵੀ ਮਿਲਿਆ, ਜਿਨ੍ਹਾਂ ਵਿੱਚ ਪਾਰਟੀ ਦੇ ਸੂਬਾ ਪੱਧਰ ਦੇ ਆਗੂ ਵੀ ਆਪਣੇ ਵਿਚਾਰ ਪ੍ਰਗਟਾਉਂਦੇ ਰਹੇ। ਇਨ੍ਹਾਂ ਸਮਾਗਮਾ ਵਿੱਚ ਸ਼ਾਮਲ ਹੋ ਕੇ ਜਿੱਥੇ ਮੈਨੂੰ ਵਿਚਾਰਧਾਰਕ ਤੌਰ 'ਤੇ ਹੋਰ ਪ੍ਰਪੱਕਤਾ ਮਿਲੀ, ਉੱਥੇ ਇਸ ਗੱਲ ਦਾ ਅਹਿਸਾਸ ਵੀ ਹੋਇਆ ਕਿ ਸ਼ਾਇਦ ਦਲਿਤ ਹੋਣ ਕਰਕੇ ਜ਼ਿਲ੍ਹੇ ਦਾ ਜਨਰਲ ਸਕੱਤਰ ਹੋਣ ਦੇ ਬਾਵਜੂਦ ਵੀ ਇੱਕ ਉੱਘਾ ਆਗੂ ਪਾਰਟੀ ਵਿੱਚ ਉਹ ਅਹਿਮੀਅਤ ਨਹੀਂ ਸੀ ਰੱਖਦਾ, ਜਿਹੜੀ ਅਸਲ ਵਿੱਚ ਉਸ ਦੀ ਹੋਈ ਬਣਦੀ ਸੀ। ਇਸ ਵਰਤਾਰੇ ਨੂੰ ਮੈ ਸਮਾਜਿਕ ਮਾਨਸਿਕਤਾ 'ਤੇ ਜਾਤੀਵਾਦ ਦੀ ਸੂਖਮ ਪਕੜ ਵਜੋਂ ਤਾਂ ਦੇਖਦਾ ਸੀ ਪਰ ਮਾਰਕਸਵਾਦ ਵੱਲੋਂ ਸਿਧਾਂਤਕ ਤੌਰ 'ਤੇ ਕੀਤੀ ਗਈ ਜਮਾਤੀ ਵੰਡ ਸਬੰਧੀ ਮੈਨੂੰ ਕੋਈ ਭੁਲੇਖਾ ਨਹੀਂ ਸੀ। ਇਸ ਤੋਂ ਬਾਅਦ ਮੈਨੂੰ ਇਨਕਲਾਬੀ ਕੇਂਦਰ ਪੰਜਾਬ ਵਿੱਚ ਵੀ ਕੰਮ ਕਰਨ ਦਾ ਮੌਕਾ ਮਿਲਿਆ, ਜਿੱਥੇ ਮੇਰੀ ਮੁਲਾਕਾਤ ਬਹੁਤ ਸਾਰੇ ਉਨ੍ਹਾਂ ਸਾਥੀਆਂ ਨਾਲ ਹੋਈ, ਜਿਹੜੇ ਕਹਿੰਦੇ ਸਨ ਕਿ ਇਨਕਲਾਬ ਪਿਸਤੌਲ ਦੀ ਨੋਕ ਵਿੱਚੋਂ ਹੀ ਨਿੱਕਲੇਗਾ। ਇਨਕਲਾਬੀ ਅਖਵਾਉਣ ਵਾਲੀਆਂ ਇਹ ਧਿਰਾਂ ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਰੂਸ ਦੇ ਸਫਲ ਮਜ਼ਦੂਰ ਇਨਕਲਾਬ ਤੋਂ ਬਾਅਦ ਸੰਸਾਰ ਦੇ ਬਹੁਤ ਸਾਰੇ ਹੋਰਨਾਂ ਦੇਸ਼ਾਂ ਵਿੱਚ ਵੀ ਉੱਥਲ-ਪੁੱਥਲ ਹੋਈ ਸ਼ੁਰੂ ਹੋਈ ਅਤੇ ਕਈ ਦੇਸ਼ਾਂ ਵਿੱਚ ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲੀਆਂ ਹਕੂਮਤਾਂ ਵੀ ਹੋਂਦ ਵਿੱਚ ਆਈਆਂ ਪਰ ਇਹ ਹਕੂਮਤਾਂ ਮਾਰਕਸਵਾਦੀ ਸਿਧਾਂਤਾਂ ਮੁਤਾਬਿਕ ਸਮਾਜਵਾਦੀ ਪ੍ਰਬੰਧ ਸਥਾਪਿਤ ਕਰਨ ਵਿੱਚ ਬੁਰੀ ਤਰ੍ਹਾਂ ਅਸਫਲ ਰਹੀਆਂ ਕਿਉਂਕਿ ਇਨਕਲਾਬੀ ਤਾਕਤਾ ਦੇ ਨਾਲ-ਨਾਲ ਇਨਕਲਾਬ ਵਿਰੋਧੀ ਤਾਕਤਾਂ ਵੀ ਤਾਂ ਸਰਗਰਮ ਰਹਿੰਦੀਆਂ ਹਨ, ਇਸ ਲਈ ਜਲਦੀ ਹੀ ਲੋਕ ਇਨ੍ਹਾਂ ਤੋਂ ਵੀ ਅੱਕ ਗਏ ਅਤੇ ਇਹ ਵਿਵਸਥਾ ਵੀ ਸਿਰਫ਼ ਆਦਰਸ਼ਵਾਦ ਬਣ ਕੇ ਹੀ ਰਹਿ ਗਈ। ਇਨ੍ਹਾਂ ਦੁਆਰਾ ਸਥਾਪਿਤ ਕੀਤੇ ਗਏ ਪ੍ਰਬੰਧ ਦਾ ਬਹੁਤਾ ਮਾੜਾ ਪੱਖ ਲੋਕਾਂ ਦੇ ਵਿਚਾਰ ਪ੍ਰਗਟਾਵੇ ਦੇ ਮਾਨਵੀ ਹੱਕਾਂ ਦਾ ਖੋਹਿਆ ਜਾਣਾ ਬਣਿਆ ਕਿਉਂਕਿ ਅਸਲ ਵਿੱਚ ਪ੍ਰੋਲੇਤਾਰੀ ਦੀ ਆਖੀ ਜਾਣ ਵਾਲੀ ਡਿਕਟੇਟਰਸ਼ਿਪ ਉੱਚ ਪਾਰਟੀ ਨੇਤਾਵਾਂ ਦੀ ਡਿਕਟੇਟਰਸ਼ਿਪ ਬਣ ਕੇ ਰਹਿ ਜਾਂਦੀ ਰਹੀ। ਸਪੱਸ਼ਟ ਹੈ ਕਿ ਪ੍ਰੋਲੇਤਾਰੀ ਦੇ ਸਹੀ ਸੰਕਲਪ ਨੂੰ ਅਣਗੌਲਿਆ ਕਰਨ ਦਾ ਨਜਰੀਆ ਹੀ ਸਬੰਧਿਤ ਕਮਿਊਨਿਸਟ ਮੁਲਕਾਂ ਨੂੰ ਲੈ ਡੁੱਬਿਆ। ਅਸਲ ਵਿੱਚ ਹਰੇਕ ਦੇਸ਼ ਦਾ ਆਪਣਾ-ਆਪਣਾ ਸੱਭਿਆਚਾਰ ਅਤੇ ਆਪਣੀਆਂ-ਆਪਣੀਆ ਸਮੱਸਿਆਵਾਂ ਜਾਂ ਚੁਣੌਤੀਆਂ ਹੁੰਦੀਆਂ ਹਨ। ਕਿਸੇ ਵੀ ਸਿਧਾਂਤ ਜਾਂ ਫਲਸਫੇ ਨੂੰ ਕਿਸੇ ਵੀ ਦੇਸ਼ 'ਤੇ ਉਸ ਦੀਆਂ ਆਰਥਿਕ, ਭੂਗੋਲਿਕ ਅਤੇ ਸਮਾਜਿਕ ਹਾਲਤਾਂ ਨੂੰ ਸਮਝੇ ਬਿਨਾਂ ਇੰਨ-ਬਿੰਨ ਲਾਗੂ ਕਰਨਾ ਅਸੰਭਵ ਹੀ ਨਹੀਂ ਬਲਕਿ ਪਾਗਲਪਣ ਵੀ ਹੁੰਦਾ ਹੈ, ਭਾਵੇਂ ਉਹ ਸਿਧਾਂਤ ਕਿੰਨਾ ਵੀ ਚੰਗਾ ਅਤੇ ਕਲਿਆਣਕਾਰੀ ਕਿਉਂ ਨਾ ਹੋਵੇ।

ਭਾਰਤੀ ਕਮਿਊਨਿਸਟਾਂ ਦੀ ਹਾਲਤ ਇਸ ਤੋਂ ਵੀ ਭੈੜੀ ਹੈ। ਜਿਸ ਪ੍ਰੋਲੇਤਾਰੀ ਸਮਾਜ ਦੀ ਮੁਕਤੀ ਲਈ ਕਾਰਲ ਮਾਰਕਸ ਨੇ ਆਪਣਾ ਇਨਕਲਾਬੀ ਸਿਧਾਂਤ ਸਿਰਜਿਆ ਸੀ, ਉਸ ਦੇ ਭਾਰਤੀ ਮੁਹਾਂਦਰੇ ਦੀ ਨਬਜ਼ ਪਛਾਣਨ ਵਿੱਚ ਇਨ੍ਹਾਂ ਨੇ ਭਾਰੀ ਗਲਤੀ ਕੀਤੀ। ਲਕੀਰ ਦੇ ਫ਼ਕੀਰ ਬਣੇ ਇਹ ਹਮੇਸ਼ਾ ਰਟੀ-ਰਟਾਈ ਆਰਥਿਕ ਲੁੱਟ ਦੀਆਂ ਬਾਤਾਂ ਹੀ ਪਾਉਂਦੇ ਰਹੇ। ਕਦੇ ਸੋਵੀਅਤ ਸੰਘ ਮਾਰਕਾ ਪ੍ਰਬੰਧ ਸਿਰਜਣ ਦੇ ਸਬਜ-ਬਾਗ਼ ਦੇਖਦੇ ਰਹੇ ਅਤੇ ਕਦੇ ਚੀਨ ਮਾਰਕਾ ਇਨਕਲਾਬ ਲਿਆਉਣ ਦੀਆਂ ਗੱਲਾਂ ਕਰਦੇ ਰਹੇ। ਇਨ੍ਹਾਂ ਨੇ ਕਦੇ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਭਾਰਤ ਦੇ ਅਸਲੀ ਪ੍ਰੋਲੇਤਾਰੀ ਦਲਿਤ ਵਰਗ ਦੀ ਸਭਤੋਂ ਮੁੱਖ ਸਮੱਸਿਆ ਸਮਾਜਿਕ ਹੈ, ਜਿਹੜੀ ਆਰਥਿਕਤਾ ਤੋਂ ਵੀ ਕਿਤੇ ਵੱਧ ਘਾਤਕ ਹੈ। ਦੇਸ਼ ਦੀ ਆਜ਼ਾਦੀ ਤੋਂ ਪੈਣੀ ਸਦੀ ਬਾਅਦ ਵੀ ਉਸ ਨੂੰ ਮਨੁੱਖ ਹੀ ਨਹੀਂ ਸਮਝਿਆ ਜਾ ਰਿਹਾ ਅਤੇ ਅਜੇ ਵੀ ਉਹ ਨਿੱਕੀ-ਸੁੱਕੀ ਜਾਤ, ਢੰਡ, ਗਿੱਟਲ ਜਾਂ ਨੀਚ ਹੀ ਅਖਵਾ ਰਿਹਾ ਹੈ। ਭਾਰਤੀ ਪ੍ਰੋਲੇਤਾਰੀ ਦੀ ਇਹ ਤਰਸਯੋਗ ਤਸਵੀਰ ਕਦੇ ਕਮਿਊਨਿਸਟਾਂ ਨੂੰ ਨਜ਼ਰ ਹੀ ਨਹੀਂ ਪਈ। ਉਹ ਨਹੀਂ ਸਮਝ ਸਕੇ ਕਿ ਜਿੱਲ੍ਹਤ ਦੀ ਜਿੰਦਗੀ ਤਾਂ ਭੁੱਖੇ ਮਰ ਜਾਣ ਨਾਲੋਂ ਵੀ ਕਿਤੇ ਵੱਧ ਦਰਦਨਾਕ ਹੁੰਦੀ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀ ਹਨ ਕਿ ਮਾਰਕਸਵਾਦ ਮਿਹਨਤਕਸ਼ ਲੋਕਾਂ ਦੀ ਮੁਕਤੀ ਦੇ ਸੰਘਰਸ਼ ਦਾ ਵਿਗਿਆਨਕ ਸਿਧਾਂਤ ਹੈ ਪਰ ਇਹ ਵੀ ਇੱਕ ਕੌੜਾ ਸੱਚ ਹੈ ਕਿ ਸਾਡੇ ਬਹੁਤੇ ਕਮਿਊਨਿਸਟ ਖ਼ੁਦ ਵੀ ਅਜੇ ਤੱਕ ਜਾਤ-ਪਾਤ ਦੇ ਪ੍ਰਭਾਵ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕੇ। ਇਸ ਦਾ ਮਤਲਬ ਬਿਲਕੁੱਲ ਵੀ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੇ ਸਰੋਕਾਰਾਂ ਵਿੱਚ ਕੋਈ ਸਾਂਝ ਹੀ ਨਹੀਂ ਹੈ ਬਲਕਿ ਇੱਕ ਦੂਜੇ ਤੋਂ ਬਿਨਾਂ ਤਾਂ ਇਹ ਦੋਵੇਂ ਹੀ ਅਧੂਰੇ ਹਨ। ਗੱਡੇ ਦੇ ਦੋ ਪਹੀਆਂ ਵਾਂਗ ਦੋਹਾਂ ਦਾ ਮਿਲ ਕੇ ਚੱਲਣਾ ਬੇਹੱਦ ਜ਼ਰੂਰੀ ਹੈ ਪਰ ਮੇਰਾ ਮੰਨਣਾ ਹੈ ਕਿ ਸਮੂਹ ਕਿਸਾਨਾਂ ਅਤੇ ਕਾਮਿਆਂ ਨੂੰ ਹਰ ਕਿਸਮ ਦੇ ਭੇਦ-ਭਾਵ ਵਾਲੇ ਵਅਰੇਵਿਆਂ ਤੋਂ ਉੱਪਰ ਉੱਠ ਕੇ ਸਹੀ ਅਰਥਾਂ ਵਿੱਚ ਮਿਹਨਤਕਸ਼ ਜਮਾਤ ਦੇ ਰੂਪ ਵਿੱਚ ਜੱਥੇਬੰਦ ਹੋਣਾ ਚਾਹੀਦਾ ਹੈ। ਪੰਜਾਬ ਵਿੱਚ ਤਾਂ ਕਮਿਊਨਿਸਟਾਂ ਨੂੰ ਜ਼ਿਆਦਾ ਮਿਹਨਤ ਕਰਨ ਦੀ ਲੋੜ ਹੀ ਨਹੀਂ ਸੀ ਕਿਉਂਕਿ ਇੱਥੇ ਤਾਂ ਪਹਿਲਾਂ ਤੋਂ ਹੀ ਇਸ ਵਿਚਾਰਧਾਰਾ ਦਾ ਜਨਮ ਹੋ ਚੁੱਕਿਆ ਸੀ। ਕਾਰਲ ਮਾਰਕਸ ਤੋਂ ਵੀ ਲੱਗਭੱਗ ਸਾਢੇ ਤਿੰਨ ਸਦੀਆਂ ਪਹਿਲਾਂ ਬਾਬੇ ਨਾਨਕ ਨੇ ਜਮਾਤੀ ਵੰਡ ਕਰਦਿਆਂ ਕਿਰਤੀ ਅਤੇ ਵਿਹਲੜ ਲੋਕਾਂ ਦਰਮਿਆਨ ਸਪੱਸ਼ਟ ਲਕੀਰ ਖਿੱਚ ਦਿੱਤੀ ਸੀ, ਜਦੋਂ ਉਨ੍ਹਾਂ ਨੇ ਮਲਕ ਭਾਗੋ ਦੀਆਂ ਪੂਰੀਆਂ ਵਿੱਚ ਕਿਰਤੀਆਂ ਦਾ ਖ਼ੂਨ ਆਖ ਕੇ ਖਾਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਭਾਈ ਲਾਲੋ ਦੀ ਰੁੱਖੀ-ਮਿੱਸੀ ਛਕ ਕੇ ਕਿਰਤਾਂ ਨੂੰ ਵਡਿਆਈ ਦੇਣ ਦਾ ਸੁਨੇਹਾ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਦੀ ਅਗਵਾਈ ਵਿੱਚ ਜ਼ਾਬਰ ਹਕੂਮਤਾਂ ਨਾਲ ਜੂਝਣ ਵਾਲੇ ਲੋਕ ਕਾਰਲ ਮਾਰਕਸ ਦੇ ਆਖੇ ਹੋਏ ਪ੍ਰੋਲੇਤਾਰੀ ਸਮਾਜ ਵਿੱਚੋਂ ਹੀ ਤਾਂ ਸਨ ਪਰ ਸਾਡੇ ਕਮਿਊਨਿਸਟ ਆਗੂ ਜਾਣ-ਬੁੱਝ ਕੇ ਆਪਣੀ ਇਸ ਅਮੀਰ ਵਿਰਾਸਤ ਨੂੰ ਅਣਡਿੱਠ ਕਰਦੇ ਰਹੇ। ਨਿਰਸੰਦੇਹ ਕਾਰਲ ਮਾਰਕਸ, ਲੈਨਿਨ, ਸਟਾਲਿਨ ਅਤੇ ਮਾਓ ਸਾਡੇ ਲਈ ਬੇਹੱਦ ਸਤਿਕਾਰਯੋਗ ਹਨ ਪਰ ਇਹ ਮੰਨਣਾ ਪਵੇਗਾ ਕਿ ਸਾਡੇ ਨਾਇਕ ਕੇਵਲ ਤੇ ਕੇਵਲ ਸਾਡੇ ਪੁਰਖੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜਾਂ ਗੁਰੂ ਰਵਿਦਾਸ ਹੀ ਹੋ ਸਕਦੇ ਹਨ। ਜੇਕਰ ਉਹ ਮਾਰਕਸਵਾਦੀ ਵਿਚਾਰਧਾਰਾ ਨੂੰ ਬਾਬੇ ਨਾਨਕ ਦੇ ਪਿਆਰ ਭਿੱਜੇ ਸ਼ਬਦਾਂ ਵਿੱਚ ਗੁੰਨ੍ਹ ਕੇ ਲੋਕਾਂ ਵਿੱਚ ਲਿਜਾਂਦੇ ਤਾਂ ਸੱਚਮੁੱਚ ਨਤੀਜੇ ਕੁੱਝ ਹੋਰ ਹੀ ਹੋਣੇ ਸਨ। ਲੋਕਾਂ ਦੀ ਪੁਰਜ਼ੋਰ ਇੱਛਾ ਦੇ ਬਾਵਜੂਦ ਵੀ ਇਨ੍ਹਾਂ ਨੇ ਕਦੇ ਕੋਈ ਸਪੱਸ਼ਟ ਸਿਆਸੀ ਪੈਂਤੜਾ ਨਹੀਂ ਲਿਆ ਬਲਕਿ ਹੋਰਨਾਂ ਸਿਆਸੀ ਪਾਰਟੀਆਂ ਵਾਂਗ ਹਮੇਸ਼ਾ ਗੱਠਜੋੜਾਂ ਦੇ ਗੋਰਖਧੰਦੇ ਵਿੱਚ ਹੀ ਉਲਝੇ ਰਹੇ। ਅਜਿਹਾ ਕਰਦਿਆਂ ਇਨ੍ਹਾਂ ਨੇ ਕਦੇ ਇਸ ਗੱਲ ਦਾ ਵੀ ਧਿਆਨ ਨਹੀਂ ਰੱਖਿਆ ਕਿ ਜਿਹੜੀ ਪਾਰਟੀ ਨਾਲ ਗੱਠਜੋੜ ਬਣਾਇਆ ਜਾ ਰਿਹਾ ਹੈ, ਉਸ ਨਾਲ ਇਨ੍ਹਾਂ ਦੀ ਕੋਈ ਵਿਚਾਰਧਾਰਕ ਸਾਂਝ ਵੀ ਬਣਦੀ ਹੈ ਜਾਂ ਨਹੀਂ।

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਇਸ ਲਈ ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਣਾਈਆਂ ਹੋਈਆਂ ਸਮੂਹ ਧਿਰਾਂ ਆਪਣੇ ਸੌੜੇ ਸਿਆਸੀ ਹਿੱਤਾਂ ਨੂੰ ਤਿਆਗ ਕੇ ਸਹੀ ਅਰਥਾਂ ਵਿੱਚ ਲੁੱਟੇ ਜਾਣ ਵਾਲੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਪਸ਼ੂਆਂ ਵਰਗੀ ਜੂਨ ਤੋਂ ਛੁਟਕਾਰਾ ਦਿਵਾਉਣ ਲਈ ਕੋਈ ਨਿੱਗਰ ਉਪਰਾਲਾ ਕਰਨ। ਇਹ ਸਭ ਕੁੱਝ ਕਿਰਤੀ-ਕਿਸਾਨਾਂ ਦੀ ਸੁਚੱਜੀ ਏਕਤਾ ਕਾਰਨ ਹੀ ਸੰਭਵ ਹੋ ਸਕਦਾ ਹੈ ਪਰ ਇਹ ਏਕਤਾ ਸਿਰਫ ਆਰਥਿਕ ਬਰਾਬਰੀ ਦੇ ਸਿਧਾਂਤ 'ਤੇ ਚੱਲ ਕੇ ਹੀ ਬਰਕਰਾਰ ਨਹੀਂ ਰਹਿ ਸਕਦੀ। ਇਸ ਲਈ ਅਜੋਕੇ ਸਮੇਂ ਦੀ ਇਹ ਅਣਸਰਦੀ ਲੋੜ ਹੈ ਕਿ ਭਾਰਤੀ ਕਮਿਊਨਿਸਟ ਆਰਥਿਕ ਸ਼ੋਸ਼ਣ ਦੇ ਨਾਲ-ਨਾਲ, ਸਮਾਜਿਕ ਸ਼ੋਸ਼ਣ ਦੇ ਮੁੱਦੇ ਨੂੰ ਵੀ ਆਪਣੇ ਪ੍ਰੋਗਰਾਮ ਵਿੱਚ ਸ਼ਾਮਲ ਕਰਨ ਅਤੇ ਇਹ ਵੀ ਲਾਜ਼ਮੀ ਹੈ ਕਿ ਉਹ ਆਪਣੇ ਨਾਇਕ ਆਪਣੇ ਪੁਰਖਿਆਂ ਵਿੱਚੋਂ ਹੀ ਤਲਾਸ਼ਣ ਦੀ ਕੋਸ਼ਿਸ਼ ਕਰਨ। ਮੇਰੇ ਖਿਆਲ ਵਿੱਚ ਮਈ ਦਿਵਸ ਦੇ ਸ਼ਹੀਦਾਂ ਨੂੰ ਇਸ ਤੋਂ ਵਧੀਆ ਕੋਈ ਹੋਰ ਸ਼ਰਧਾਂਜਲੀ ਹੋ ਹੀ ਨਹੀਂ ਸਕਦੀ।



**ਕਰਮ ਸਿੰਘ ਜਖਮੀ**
**ਗੁਰੂ ਤੇਗ ਬਹਾਦਰ ਨਗਰ, ਹਰੋੜੀ ਰੋਡ, ਸੰਗਰੂਰ 148001**
**ਮੋਬਾਇਲ: 98146-28027**

# ਮਜ਼ਦੂਰਾਂ ਨੂੰ ਸਮੱਰਪਤ, ਇਕ ਮਈ

ਮਜ਼ਦੂਰ ਦੀ ਕੋਈ ਇੱਕ ਜਾਤ ਨਹੀਂ, ਕੋਈ ਇੱਕ ਮਹਜ਼ਬ ਨਹੀਂ। ਮਜਦੂਰ ਕਿਸੇ ਇਕ ਕਿੱਤੇ ਤੱਕ ਹੀ ਸੀਮਤ ਨਹੀਂ ਹਨ। ਮਜ਼ਦੂਰ ਪਿੰਡ ਦੇ ਸਫ਼ਾਈ ਸੇਵਕ ਤੋਂ ਲੈ ਕੇ ਦੇਸ਼ ਦੀਆਂ ਸ,ਵ ਉੱਚ ਉਦਯੋਗਿਕ ਮਿੱਲਾਂ, ਫੈਕਟਰੀਆਂ ਦੀ ਹੋਂਦ ਹਨ। ਮਜ਼ਦੂਰ ਬਿਨਾਂ ਕੋਈ ਵੀ ਉਤਪਾਦਨ ਸੰਭਵ ਨਹੀਂ। ਮਜ਼ਦੂਰ ਬਿਨਾਂ ਖੇਤਾਂ ਚੋਂ ਉਪਜਣ ਵਾਲਾ ਅਨਾਜ ਵੀ ਸੰਭਵ ਨਹੀਂ। ਕਿਰਤੀ ਬੰਧਵਾ ਮਜ਼ਦੂਰ ਹੈ ਜਾਂ ਆਜ਼ਾਦ, ਹਰ ਹਾਲਾਤ ਵਿੱਚ ਦੇਸ਼ ਦੀ ਆਰਥਿਕ ਵਿਵਸਥਾ ਦੀ ਜੜ੍ਹ ਹੈ ।

ਮਜ਼ਦੂਰ ਹਰ ਰਾਜ ਦੇ ਰਾਜ ਭਵਨਾਂ ਦਾ ਨਿਰਮਾਣ ਕਰਨ ਵਾਲੇ , ਦੇਸ਼ ਦਾ ਨਿਰਮਾਣ ਕਰਨ ਵਾਲੇ ਹੁੰਦੇ ਹਨ।ਇਹਨਾਂ ਨੂੰ ਸੰਸਾਰ ਭਰ ਵਿੱਚ ਬੁਲੰਦੀਆਂ ਤੱਕ ਪਹੁੰਚਾਉਣ ਵਾਲੇ ਮਨੁੱਖ ਹੁੰਦੇ ਹਨ। ਇਹ ਹਰ ਰਾਜ ਦੀ ਅਰਥਵਿਵਸਥਾ ਦਾ ਥੰਮ ਹੁੰਦੇ ਹਨ। ਜੇਕਰ ਇਹ ਥੰਮ ਕੁੱਝ ਦਿਨਾਂ ਲਈ ਖਿਸਕ ਜਾਵੇ ਤਾਂ ਦੁਨੀਆ ਦੀ ਕੋਈ ਐਸੀ ਅਰਥ ਵਿਵਸਥਾ ਨਹੀਂ ਜਿਸ ਦੀ ਸ਼ਿਅਰ ਮਾਰਕੀਟ ਮਨਫ਼ੀ ਨਾ ਹੋ ਜਾਵੇ। ਅਫ਼ਸੋਸ ! ਮਜ਼ਦੂਰਾਂ ਨੂੰ ਗੁਲਾਮ ਬਣਾ ਕੇ ਇਹਨਾਂ ਦਾ ਆਰਥਿਕ, ਸਮਾਜਿਕ ਅਤੇ ਮਾਨਸਿਕ ਸ਼ੋਸਣ ਸਦੀਆਂ ਤੋਂ ਜ਼ਾਰੀ ਹੈ। ਇਹ ਮਿਹਨਤਕਸ਼ ਲੋਕ ਤਰਸ ਦਾ ਜੀਵਨ ਬਤੀਤ ਕਰਨ ਲਈ ਕਿਉਂ ਮਜਬੂਰ ਕੀਤੇ ਗਏ ਹਨ।

ਮਜ਼ਦੂਰ ਸਿਰਫ਼ ਮਜ਼ਦੂਰ ਹੁੰਦੇ ਹਨ, ਇਹਨਾਂ ਦੀ ਔਲ਼ਾਦ ਵੀ ਮਜ਼ਦੂਰ ਪੈਦਾ ਹੁੰਦੀ ਹੈ ਅਤੇ ਮਜ਼ਦੂਰ ਹੀ ਮਰ-ਮੁੱਕ ਜਾਂਦੀ ਹੈ। ਇਹਨਾਂ ਦੇ ਚੁੱਲਿਆਂ 'ਤੇ ਰੋਟੀ ਸਰਮਾਏਦਾਰੀ ਦੇ ਰਹਿਮੋ-ਕਰਮ ਕਰਕੇ ਹੀ ਪੱਕਦੀ ਹੈ। ਇਹਨਾਂ ਦੀ ਜ਼ਿੰਦਗੀ ਦਾ ਅੰਤ ਅਤਿ ਦਰਦਨਾਇਕ ਹੈ। ਸਰਕਾਰਾਂ ਸਿਰਫ਼ ਇਕ ਮਈ ਉਪਰ ਭਾਸ਼ਣ ਖਤਮ ਕਰਕੇ ਆਪਣੀਆਂ ਜਿੰਮੇਵਾਰੀਆਂ ਨਿਭਾਉਣ ਤੋਂ ਮੂੰਹ ਮੋੜ ਜਾਂਦੀਆ ਹਨ।

ਇਕ ਮਈ ਨੂੰ ਮਜ਼ਦੂਰ ਦਿਵਸ ਦੇ ਤੌਰ ਤੇ ਪੂਰੇ ਸੰਸਾਰ ਵਿੱਚ ਮਨਾਇਆ ਜਾਂਦਾ ਹੈ। 1 ਮਈ 1517 ਵਿੱਚ ਲੰਦਨ ਵਿਖੇ ਸਿਟੀ ਵਰਕਰਾਂ ਦੀ ਹੜਤਾਲ ਤੋਂ ਵੀ ਇਸ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ ਇਕ ਮਈ 1886 ਨੂੰ ਸ਼ਿਕਾਗੋ ਵਿਖੇ ਹੋਈ।ਮਜ਼ਦੂਰਾਂ ਨੇ ਮਨੁੱਖੀ ਅਧਿਕਾਰਾਂ ਦੀ ਮੰਗ ਅਤੇ ਕੰਮ ਦਾ ਸਮਾਂ ਨਿਰਧਾਰਿਤ ਕਰਨ ਲਈ ਇਕ ਵਿਸਾਲ ਇਕੱਠ ਕੀਤਾ। ਇਕੱਠ ਨੂੰ ਖਿੰਡਾਉਣ ਲਈ ਕਿਸੇ ਸਾਜ਼ਿਸ਼ ਤਹਿਤ ਬੰਬ ਦਾ ਵਿਸਫੋਟ ਹੋਇਆ।ਜਿਸ ਕਾਰਣ ਇਕੱਠ ਵਿੱਚ ਹਫੜਾ-ਦਫ਼ੜੀ ਮੱਚ ਗਈ । ਪੁਲਿਸ ਦੀਆਂ ਗੋਲੀਆਂ ਨਾਲ਼ ਕਈ ਮਜ਼ਦੂਰ ਮਾਰੇ ਗਏ ਅਤੇ ਸੈਂਕੜੇ ਜ਼ਖਮੀ ਹੋ ਗਏ ।ਇਸ ਮਗਰੋਂ ਪੈਰਿਸ ਵਿੱਚ 1889 ਵਿੱਚ ਅੰਤਰ ਰਾਸ਼ਟਰੀ ਸਮਾਜਵਾਦੀ ਸੰਮੇਲਨ ਦੀ ਦੂਸਰੀ ਮਹਾਂ ਸਭਾ ਦੇ ਸੰਮੇਲਨ ਵਿੱਚ ਇਹ ਦਿਨ ਮਜ਼ਦੂਰ ਦਿਵਸ ਦੇ ਤੌਰ ਤੇ ਮਨਾਉਣ ਦਾ ਫੈਸ.ਲਾ ਲਿਆ ਗਿਆ। ਇਹ ਮਜ਼ਦੂਰ ਸ਼ਹੀਦਾਂ ਦੀ ਸ਼ਹਾਦਤ ਨੂੰ ਸਮੱਰਪਤ ਕਰਨ ਲਈ ਹਰ ਸਾਲ ਇਕ ਮਈ ਨੂੰ ਕੰਮ ਨਾ ਕਰਨ ਦਾ ਫ਼ੈਸ.ਲਾ ਲਿਆ ਗਿਆ। ਬਾਅਦ ਵਿੱਚ ਸ਼ਿਕਾਗੋ ਦੇ ਹੇਮਾਕਰੇਟ ਇਲ-ਾਕੇ ਵਿੱਚ ਬੰਬ ਧਮਾਕਾ ਕਰਨ ਵਾਲਿਆਂ ਨੂੰ ਸ਼ਰੇਆਮ ਫਾਂਸੀ ਦੀ ਸਜ਼ਾ ਵੀ ਦਿੱਤੀ ਗਈ ।

ਭਾਰਤ ਵਿੱਚ ਇਹ ਇਕ ਮਈ ਦਾ ਦਿਹਾੜਾ ਮਜ਼ਦੂਰ ਦਿਵਸ ਦੇ ਤੌਰ ਤੇ ਮਨਾਉਣ ਦੀ ਸ਼ੁਰੂਆਤ ਲੇਵਰ ਕਿਸਾਨ ਪਾਰਟੀ ਆਫ ਹਿੰਦੋਸਤਾਨ ਵਲੋਂ 1 ਮਈ 1923 ਨੂੰ ਮਦਰਾਸ ਵਿਖੇ ਹੋਈ ਸੀ। ਅੰਤਰਰਾਸ਼ਟਰੀ ਪੱਧਰ 'ਤੇ ਇਹ ਦਿਹਾੜਾ ਮਨਾਇਆ ਜਾਂਦਾ ਹੈ।ਇਸ ਦਿਨ ਸਰਕਾਰੀ ਛੁੱਟੀ ਵੀ ਕੀਤੀ ਜਾਂਦੀ ਹੈ।ਇਸ ਦਿਨ ਮਜ਼ਦੂਰਾਂ ਦੇ ਹਿੱਤਾਂ ਦੀ ਰਾਖ਼ੀ ਲਈ ਮਜਦੂਰਾਂ ਦੀਆਂ ਟਰੇਡ ਯੂਨੀਅਨਾਂ ਵਲੋਂ ਸਮਾਗਮ ਕਰਕੇ ਸ਼ਹੀਦ ਹੋਏ ਮਜ਼ਦੂਰਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਕਾਰਖਾਨਿਆਂ ਤੇ ਹੋਰ ਵੱਖ ਵੱਖ ਕਿਸਮ ਦੇ ਕੰਮ ਕਰਨ ਵਾਲਿਆਂ ਕਿਰਤੀਆਂ ਵਲੋਂ ਆਪਣੇ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕੀਤੀ ਜਾਂਦੀ ਹੈ। ਸਰਕਾਰਾਂ ਉਪਰ ਮਜ਼ਦੂਰਾਂ ਦੀਆਂ ਮੰਗਾਂ ਅਤੇ ਭਲਾਈ ਸਕੀਮਾਂ ਲਈ ਦਬਾਅ ਬਣਾਇਆ ਜਾਂਦਾ ਹੈ।

ਸਰਕਾਰਾਂ ਨੂੰ ਕਿਰਤੀਆਂ ਦੇ ਮਨੁੱਖੀ ਅਧਿਕਰਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਉਹਨਾਂ ਦੇ ਹੋ ਰਹੇ ਸ਼ੋਸਣ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾ ਕੇ ਲਾਗੂ ਵੀ ਸਖਤੀ ਨਾਲ਼ ਕਰਨੇ ਚਾਹੀਂਦੇ ਹਨ। ਹਾਦਸਿਆਂ ਵਿੱਚ ਸਰੀਰਕ ਤੌਰ ਤੇ ਨੁਕ-ਸਾਨੇ ਅੰਗਾਂ ਵਾਲਿਆ ਲਈ ਵਿਸ਼ੇਸ ਸਹੂਲਤਾਂ ਅਤੇ ਜੀਵਨ ਜਿਊਣ ਲਈ ਆਰਥਿਕ ਮੱਦਦ ਕਰਨੀ ਚਾਹੀਂਦੀ ਹੈ। ਬੁਢਾਪੇ ਦੀ ਅਵੱਸਥਾ ਵਿੱਚ ਮਜ਼ਦੂਰਾਂ ਦੀ ਸਮਾਜਿਕ ਸੁਰੱਖਿਆ ਦੇ ਨਾਲ਼ ਨਾਲ਼ ਆਰਥਿਕ ਸਹਾਇਤਾ ਪੈਨਸ਼ਨ ਰੂਪ ਵਿੱਚ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਦੇ ਮੁਤਾਬਿਕ ਕਰਨੀ ਚਾਹੀਂਦੀ ਹੈ ਤਾਂ ਕਿ ਕਿਰਤ ਅਤੇ ਕਿਰਤੀ ਦੀ ਸਮਾਜ ਵਿੱਚ ਤੌਹੀਨ ਨਾ ਹੋਵੇ। ਸਮਾਜ ਵਿੱਚ ਮਿਹਨਤ ਮਜ਼ਦੂਰੀ ਕਰਨ ਵਾਲਿਆਂ ਨੂੰ ਵੀ ਸਨਮਾਨ ਨਾਲ਼ ਵਿਚਰਣ ਦਾ ਸੁਭਾਗ ਮਿਲੇ। ਕਿਧਰੇ ਵੀ ਕੋਈ ਮਜ਼ਦੂਰ ਇਲਾਜ ਵਲੋਂ ਦੁਸ਼ਵਾਰੀਆ ਨਾ ਭੋਗੇ। ਇਹ ਕਿਰਤੀ ਲੋਕ ਹੀ ਸਾਡੇ ਸਮਾਜ ਅਤੇ ਰਾਜ ਦੀ ਰੀੜ ਦੀ ਹੱਡੀ ਹਨ। ਇਹ ਕਿਰਤੀ ਲੋਕ ਦਇਆ ਦੇ ਪਾਤਰ ਭਿਖ਼ਾਰੀ ਦੀ ਤਰ੍ਹਾਂ ਨਹੀਂ ਸਗੋਂ ਸੈਨਿਕ ਦੀ ਤਰ੍ਹਾਂ ਹੱਕਦਾਰ ਹੋਣ। ਇਹਨਾਂ ਨੂੰ ਕੰਮ ਦੀ ਸੁਰੱਖਿਆ ਸਰ ਹਾਲਤ ਵਿੱਚ ਮਿਲੇ।ਅਕਸਰ ਲੇਵਰ ਅਦਾਲਤਾਂ ਵਿੱਚ ਮਜ਼ਦੂਰਾਂ ਦੇ ਕਾਰਖਾਨਿਆਂ ਦੇ ਮਾਲਕਾ ਨਾਲ਼ ਕੇਸ ਬਹੁਤ ਲੰਭੇ ਲਮਕਦੇ ਹਨ ਜਾਂ ਲਮਕਾਏ ਜਾਂਦੇ ਹਨ। ਵਕੀਲਾਂ ਵਲੋਂ ਮਜਦੂਰਾਂ ਦੀ ਆਰਥਿਕ ਲੁੱਟ ਕੀਤੀ ਜਾਂਦੀ ਹੈ । ਕਿਰਤੀ ਕੋਲੋਂ ਕੰਮ ਸਰਮਾਏ-ਦਾਰ ਮਾਲਕ ਖੋਹ ਲੈਂਦੇ ਹਨ । ਉਸ ਨੂੰ ਅਦਾਲਤਾਂ ਵਿੱਚ ਕੇਸ ਲੜਨ ਲਈ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੋਰਟਾਂ ਵਿੱਚ ਕੋਈ ਸੁਣਵਾਈ ਨਹੀਂ ਹੁੰਦੀ। ਮਿਹਨਤਕਸ਼ਾਂ ਦਾ ਚੁੱਲ੍ਹਾ ਠੰਡਾ ਪੈ ਜਾਂਦਾ ਹੈ। ਕਾਰਖਾਨਿਆਂ ਦਿਆਂ ਮਾਲਕਾਂ ਦੀ ਪਹੁੰਚ ਸਰਕਾਰੇ ਦਰਬਾਰੇ ਹੋਣ ਕਾਰਣ ਮਾਲਿਕ ਪੁਲਿਸ ਕੇਸ ਮਜਦੂਰਾਂ ਤੇ ਪੁਆ ਕੇ ਉਹਨਾਂ ਨੂੰ ਸਮਝੌਤੇ ਕਰਨ ਲਈ ਮਜ਼ਬੂਰ ਕਰਦੇ ਹਨ। ਸਰਕਾਰਾਂ ਨੂੰ ਇਹਨਾਂ ਕਾਨੂੰਨੀ ਉਲਝਣਾਂ ਪ੍ਰਤੀ ਵਿਸ਼ੇਸ ਧਿਆਨ ਦੇਣ ਦੀ ਲੋੜ ਹੈ । ਸਖ਼ਤੀ ਨਾਲ ਲੇਵਰ ਅਦਾਲਤਾਂ ਦੇ ਕਰਮਚਾਰੀਆਂ ਅਤੇ ਲੇਵਰ ਅਫ਼ਸਰਾਂ ਦੀਆਂ ਕਾਰਗੁਜ਼ਾਰੀਆਂ ਦਾ ਨਿਰੀਖਣ ਸਮੇਂ ਸਮੇਂ ਤੇ ਹੋਣਾ ਬਹੁਤ ਜਰੂਰੀ ਹੈ । ਇਹ ਲੇਵਰ ਕੋਰਟਾਂ ਸਰਕਾਰੀ ਚਿੱਟੇ ਹਾਥੀ ਬਣ ਚੁੱਕੀਆਂ ਹਨ।

ਸਾਡੇ ਸਮਾਜ ਵਿੱਚ ਹਰ ਕਿਰਤੀ ਨੂੰ ਮਾਣ-ਸਨਮਾਨ ਦੀ ਜ਼ਿੰਦਗੀ ਜਿਊਣ ਦਾ ਅਵਸਰ ਜਦੋਂ ਮਿਲੇਗਾ ਤਾਂ ਸਾਡਾ ਰਾਜ ਸਾਡਾ ਦੇਸ਼ ਦੁਨੀਆ ਦੀ ਮਹਾਂ ਸ਼ਕਤੀ ਬਣੇਗਾ। ਇਕ ਇਕ ਮਜ਼ਦੂਰ ਇਸ ਦੀ ਅਰਥ ਵਿਵਸਥਾ ਦੀ ਕੜੀ ਹੈ। ਇਹਨਾਂ ਕੜੀਆਂ ਦਾ ਵਿਸ਼ੇਸ ਧਿਆਨ ਰੱਖਣਾ ਸਾਡਾ ਇਖ਼ਲਾਕੀ ਫਰਜ਼ ਬਣਦਾ ਹੈ। ਆਉ ਸਾਰੇ ਇਕ ਮਈ ਦੇ ਦਿਹਾੜੇ ਤੇ ਮਿਹਨਤਕਸ਼ ਲੋਕਾਂ ਨੂੰ ਨਮਨ ਕਰੀਏ, ਇਹਨਾਂ ਦਾ ਹੱਕ, ਇਹਨਾਂ ਦਾ ਪੂਰਨ ਮਿਹਨਤਾਨਾ ਦੇ ਕੇ ਇਹਨਾਂ ਦੀ ਹੌਸ.ਲਾ ਅਫ਼ਜਾਈ ਕਰਦੇ ਹੋਏ ਦਿਲੋਂ ਸਤਿਕਾਰ ਕਰੀਏ।



**ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ "9465129168**

## ਕੌਮਾਂਤਰੀ ਮਜ਼ਦੂਰ ਦਿਵਸ ਤੇ ਵਿਸ਼ੇਸ਼

## ਕਰਜ਼ੇ ਦਾ ਭਾਰ

ਦੱਸ ਮਾਏ ਦੱਸ , ਵਸ ਇਕੋ ਗੱਲ ਦੱਸ,
ਕਿਵੇਂ ਹੋਇਆ ਸਿਰ ਕਰਜ਼ੇ ਦਾ ਭਾਰ।
ਬਾਬੇ ਬਾਪੂ ਮਾਏ ਸੱਚੀ ਕਿਰਤ ਹੀ ਕੀਤੀ,
ਫੇਰ ਪਈ ਕਿਉਂ , ਗ਼ਰੀਬੀ ਵਾਲੀ ਮਾਰ।


ਸਾਡਾ ਘਰ ਕੱਚੇ ਦਾ ਕੱਚਾ ਅਜੇ ਮਾਏ,
ਸਾਹਾਂ ਪਾਲੀਆਂ ਹਵੇਲੀਆਂ ਨੇ ਦੂਹਰੀਆਂ।
ਸਾਰਾ ਦਿਨ ਮਰ ਕੇ ਵੀ ਟੁਕ ਮਸਾਂ ਜੁੜਦਾ,
ਕੁੱਤੇ ਖਾਂਦੇ ਨੇ ਅਮੀਰਾਂ ਦੇ ਮਾਏ ਚੂਰੀਆਂ।
ਕਾਮਿਆਂ ਤੇ ਕੰਮੀਆਂ ਦੇ ਵਿਹੜਿਆਂ ਵਿੱਚ,
ਕਾਹਤੋਂ ਫਿਰਦੀ ਤਕਾਵੀ ਵਾਲੀ ਕਾਰ।

ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦੇ ਰਹਿੰਦੇ,
ਦੱਸ ਜਾਂਦੀ ਸਾਡੀ ਕਿਧਰ ਕਮਾਈ।
ਸਮਝ ਨਾ ਆਈ ਸਾਡੀ ਕਿਰਤ ਨੂੰ ਮਾਏ,
ਜਾਂਦੇ ਕਿਹੜੇ ਵਿਹਲੜ ਨੇ ਖਾਈ।
ਮੰਡੀਆਂ ਚ ਰੁਲਣ ਜਵਾਨ ਮਾਏ ਜਿਨਸਾਂ,
ਕਾਹਤੋਂ ਸੁਣਦੀ ਨਾ ਸਾਡੀ ਸਰਕਾਰ।

ਅਸੀਂ ਪੈਰੋਂ ਨੰਗੇ, ਢਿੱਡੋਂ ਭੁੱਖੇ ਮਾਏ,
ਉਹ ਘੁੰਮਦੇ ਨੇ ਮਹਿੰਗੀਆਂ ਕਾਰਾਂ ਚ।
ਫ਼ਸਲਾਂ ਦਾ ਮੁੱਲ ਮਰਜ਼ੀ ਦਾ ਲਾਉਂਦੇ,
ਲੁੱਟ ਲੈਂਦੇ ਦਿਨੇ ਹੀ ਬਜ਼ਾਰਾਂ ਚ।
ਹੱਕਾਂ ਲਈ ਹੁਣ ਉਠਣਾਂ ਹੀ ਪੈਣਾ ,
ਏਕੇ ਮੂਹਰੇ ਜਾਣੇ ਸਭ ਹਾਰ।

ਧਰਤੀ ਸਾਡੀ ਦੇ ਵਿਚ ਉੱਗਦਾ ਹੈ ਸੋਨਾ,
ਤਾਂ ਹੀ ਅੱਖ ਧਰੀ ਇਹਦੇ ਉੱਤੇ ਵੈਰੀਆਂ।
ਇਹਨਾਂ ਨੂੰ ਸਮਝ ਨਹੀਂ ਚਹਿਲਾ,
ਜੜਾਂ ਕਿੰਨੀਆਂ ਸਾਡੀਆਂ ਨੇ ਗਹਿਰੀਆਂ।

ਧਰਤੀ ਏ ਮਾਂ ਸਾਡੀ ਰਲਕੇ ਬਚਾਉਣਾ,
ਇਹੋ ਅੱਜ ਸਮੇਂ ਦੀ ਪੁਕਾਰ।





**ਗੀਤ/ਸੁਰਿੰਦਰ ਚਹਿਲ ਖੇੜੀ**
**ਪਿੰਡ -ਖੇੜੀ ਚਹਿਲਾਂ ਜ਼ਿਲ੍ਹਾ ਸੰਗਰੂਰ**
**ਮੋ- 9876372921**

# ਸਾਹਿਤ ਸਮਾਜ

## ਧੰਮ ਦੇ ਸੰਦਰਭ ਵਿੱਚ ਡਾ. ਬਾਬਾ ਸਾਹਿਬ ਅੰਬੇਡਕਰ ਦੇ ਵਿਚਾਰ ਸਾਡੇ ਲਈ ਬਹੁਤ ਪ੍ਰੇਰਨਾਦਾਇਕ ਹਨ

**ਸਮਾਜ ਵੀਕਲੀ ਯੂ ਕੇ-**

"ਮੇਰੇ ਦਰਸ਼ਨ ਦੀਆਂ ਜੜ੍ਹਾਂ ਧੰਮ ਵਿੱਚ ਹਨ, ਰਾਜਨੀਤੀ ਵਿੱਚ ਨਹੀਂ। ਮੈਨੂੰ ਰਾਜਨੀਤੀ ਨਾਲੋਂ ਧੰਮ ਵਿੱਚ ਜ਼ਿਆਦਾ ਦਿਲਚਸਪੀ ਹੈ।" ਬਾਬਾ ਸਾਹਿਬ ਕਹਿੰਦੇ ਹਨ- "ਯਕੀਨਨ ਮੇਰਾ ਸਮਾਜਿਕ ਦਰਸ਼ਨ ਤਿੰਨ ਤੱਤਾਂ 'ਤੇ ਅਧਾਰਤ ਹੈ। ਆਜ਼ਾਦੀ, (ਲ਼ਿਬਇਰਟੇ) ਸਮਾਨਤਾ (Equailty) ਅਤੇ (Fraterinty) ਭਾਈਚਾਰਾ। ਕਿਸੇ ਨੂੰ ਵੀ ਇਹ ਗਲਤਫਹਿਮੀ ਨਹੀਂ ਹੋਣੀ ਚਾਹੀਦੀ ਕਿ ਮੈਂ ਇਹ ਦਰਸ਼ਨ ਫਰਾਂਸੀਸੀ ਕ੍ਰਾਂਤੀ ਤੋਂ ਲਿਆ ਹੈ। ਮੇਰੇ ਦਰਸ਼ਨ ਦੀਆਂ ਜੜ੍ਹਾਂ ਧੰਮ ਵਿੱਚ ਹਨ, ਰਾਜਨੀਤੀ ਵਿੱਚ ਨਹੀਂ। ਮੈਂ ਇਹ ਦਰਸ਼ਨ ਆਪਣੇ ਗੁਰੂ ਤਥਾਗਤ ਬੁੱਧ ਦੀਆਂ ਸਿੱਖਿਆਵਾਂ ਤੋਂ ਲਿਆ ਹੈ। ਭਾਵੇਂ ਰਾਜਨੀਤੀ ਦੇ ਇਹ ਤੱਤ ਸੰਵਿਧਾਨ ਵਿੱਚ ਸ਼ਾਮਲ ਹਨ, ਪਰ ਸਮਾਜਿਕ ਜੀਵਨ ਵਿੱਚ ਇਨ੍ਹਾਂ ਨੂੰ ਲਾਗੂ ਕਰਨਾ ਜ਼ਰੂਰੀ ਹੈ। ਹਰ ਵਿਅਕਤੀ ਦਾ ਆਪਣਾ ਫ਼ਲਸਫ਼ਾ ਹੋਣਾ ਚਾਹੀਦਾ ਹੈ। ਇੱਕ ਅਜਿਹਾ ਮਿਆਰ ਹੋਣਾ ਚਾਹੀਦਾ ਹੈ ਜਿਸ ਦੁਆਰਾ ਉਹ ਜ਼ਿੰਦਗੀ ਵਿੱਚ ਆਪਣੇ ਆਚਰਣ ਦਾ ਮੁਲਾਂਕਣ ਕਰ ਸਕੇ। ਕਿਉਂਕਿ ਗਿਆਨ, ਨਿਮਰਤਾ, ਨਿਮਰਤਾ ਅਤੇ ਚੰਗੇ ਆਚਰਣ ਦਾ ਜੀਵਨ ਵਿੱਚ ਬਹੁਤ ਮਹੱਤਵ ਹੈ।



ਇਨਸਾਨ ਸਿਰਫ਼ ਆਪਣਾ ਪੇਟ ਭਰਨ ਲਈ ਨਹੀਂ ਜਿਉਂਦਾ। ਉਸਦਾ ਮਨ ਹੈ। ਮਨ ਦੇ ਵਿਚਾਰਾਂ ਨੂੰ ਵੀ ਪੋਸ਼ਣ ਦੀ ਲੋੜ ਹੁੰਦੀ ਹੈ। ਅਤੇ ਧੰਮ ਮਨੁੱਖੀ ਮਨ ਵਿੱਚ ਉਮੀਦ ਪੈਦਾ ਕਰਦਾ ਹੈ, ਉਸਨੂੰ ਨੇਕੀ ਦਾ ਖੁਸ਼ਹਾਲ ਜੀਵਨ ਜਿਉਣ ਲਈ ਪ੍ਰੇਰਿਤ ਕਰਦਾ ਹੈ। ਮੈਂ ਜਾਣਦਾ ਹਾਂ ਕਿ ਤੁਹਾਨੂੰ ਧੰਮ ਨਾਲੋਂ ਰਾਜਨੀਤੀ ਵਿੱਚ ਜ਼ਿਆਦਾ ਦਿਲਚਸਪੀ ਹੈ, ਪਰ ਮੈਨੂੰ ਰਾਜਨੀਤੀ ਨਾਲੋਂ ਧੰਮ ਵਿੱਚ ਜ਼ਿਆਦਾ ਦਿਲਚਸਪੀ ਹੈ। ਹੁਣ ਸਾਨੂੰ ਜਾਤ-ਪਾਤ ਦੀ ਸੌੜੀ ਸੋਚ ਨੂੰ ਤਿਆਗਣਾ ਪਵੇਗਾ ਅਤੇ ਦੂਜੇ ਭਾਈਚਾਰਿਆਂ ਨਾਲ ਰਲ ਕੇ ਅਤੇ ਆਪਣੇ, ਸਮਾਜ ਅਤੇ ਦੇਸ਼ ਦੇ ਵਿਕਾਸ ਲਈ ਉਨ੍ਹਾਂ ਦਾ ਸਹਿਯੋਗ ਲੈ ਕੇ ਅੱਗੇ ਵਧਣਾ ਪਵੇਗਾ।

ਕੁਝ ਲੋਕਾਂ ਨੂੰ ਮਠਿਆਈ ਮਿਲਣ 'ਤੇ ਖੁਦ ਖਾਣ ਦੀ ਆਦਤ ਹੁੰਦੀ ਹੈ, ਪਰ ਮੈਂ ਧੰਮ ਦੀ ਇਹ ਅਨਮੋਲ ਮਿਠਾਸ ਸਾਰਿਆਂ ਵਿੱਚ ਵੰਡ ਦਿੱਤੀ ਹੈ। ਹੁਣ ਮੈਂ ਆਪਣੀ ਬਾਕੀ ਦੀ ਜ਼ਿੰਦਗੀ ਬੁੱਧ ਧਰਮ ਦੇ ਪ੍ਰਚਾਰ ਲਈ ਸਮਰਪਿਤ ਕਰਾਂਗਾ। ਮੈਂ ਹਰ ਘਰ ਵਿੱਚ ਪਿਆਰ, ਹਮਦਰਦੀ ਅਤੇ ਦੋਸਤੀ ਦਾ ਸੰਦੇਸ਼ ਫੈਲਾਵਾਂਗਾ।

ਮੈਨੂੰ ਬੁੱਧ ਦਾ ਮਾਰਗ ਪਸੰਦ ਹੈ ਕਿਉਂਕਿ ਇਸ ਵਿੱਚ ਬੁੱਧੀ, ਦਇਆ ਅਤੇ ਸਮਾਨਤਾ ਦੇ ਤਿੰਨ ਸਿਧਾਂਤ ਹਨ ਜੋ ਹੋਰ ਕਿਤੇ ਨਹੀਂ ਮਿਲਦੇ। ਇਹ ਤਰਕ, ਵਿਗਿਆਨ ਅਤੇ ਸੂਝ-ਬੂਝ ਸਿਖਾਉਂਦਾ ਹੈ ਜੋ ਖੁਸ਼ਹਾਲ ਜੀਵਨ ਲਈ ਬਹੁਤ ਜ਼ਰੂਰੀ ਹਨ। ਸਿਰਫ਼ ਬੁੱਧ ਦੀਆਂ ਸਿੱਖਿਆਵਾਂ ਹੀ ਦੁਨੀਆ ਦੇ ਮਨੁੱਖੀ ਸਮਾਜ ਅਤੇ ਵਿਅਕਤੀਆਂ ਨੂੰ ਪਤਨ ਤੋਂ ਬਚਾ ਸਕਦੀਆਂ ਹਨ। ਬੁੱਧ ਦੇ ਸ਼ਬਦ ਇੱਕ ਵਿਅਕਤੀ ਅਤੇ ਸਮਾਜ ਦੇ ਸੁਧਾਰ ਦਾ ਫਲਸਫਾ ਹਨ, ਇਸ ਲਈ ਇਸਨੂੰ ਦੁਬਾਰਾ ਤੇਜ਼ੀ ਨਾਲ ਫੈਲਾਉਣਾ ਪਵੇਗਾ। ਮੇਰੀ ਜ਼ਿੰਦਗੀ ਦਾ ਅਸਲ ਕੰਮ ਧੰਮ ਦੇ ਪ੍ਰਚਾਰ ਨਾਲ ਸ਼ੁਰੂ ਹੁੰਦਾ ਹੈ।


ਆਦਰਸ਼ ਭਾਰਤ ਅਤੇ ਆਦਰਸ਼ ਸਮਾਜ ਦੀ ਸਿਰਜਣਾ ਸਿਰਫ਼ ਬੁੱਧ ਧਰਮ ਦੇ ਆਧਾਰ 'ਤੇ ਹੀ ਕੀਤੀ ਜਾ ਸਕਦੀ ਹੈ। ਇੱਕ ਆਦਰਸ਼ ਸਮਾਜ ਹਮੇਸ਼ਾ ਇੱਕ ਪ੍ਰਗਤੀਸ਼ੀਲ ਸਮਾਜ ਹੁੰਦਾ ਹੈ। ਆਦਰਸ਼ ਸਮਾਜ ਅਸਲ ਸ਼ਾਸਕ ਸਮਾਜ ਹੁੰਦਾ ਹੈ। ਸਮਾਜ ਸਿਰਫ਼ ਰਾਜਨੀਤੀ ਨਾਲ ਸ਼ਾਸਿਤ ਨਹੀਂ ਹੁੰਦਾ, ਸਗੋਂ ਇਸਦੇ ਲਈ ਇੱਕ ਮਜ਼ਬੂਤ ਵਿਚਾਰਧਾਰਕ ਢਾਂਚਾ ਜ਼ਰੂਰੀ ਹੁੰਦਾ ਹੈ ਅਤੇ ਉਹ ਮਜ਼ਬੂਤ ਢਾਂਚਾ ਬੁੱਧ ਦਾ ਧੰਮ ਹੈ। ਇਹ ਧੰਮ ਦੇ ਕਾਰਨ ਹੀ ਸੀ ਕਿ ਮੌਰੀਆ ਭਾਰਤ ਇੱਕਜੁੱਟ, ਸ਼ਕਤੀਸ਼ਾਲੀ ਅਤੇ ਖੁਸ਼ਹਾਲ ਸੀ। ਅੱਜ ਵੀ, ਚੀਨ, ਜਾਪਾਨ, ਤਾਈਵਾਨ ਅਤੇ ਹਾਂਗ ਕਾਂਗ ਵਰਗੇ ਬੋਧੀ ਦੇਸ਼ ਧੰਮ ਦੇ ਕਾਰਨ ਸ਼ਕਤੀਸ਼ਾਲੀ, ਖੁਸ਼ਹਾਲ ਅਤੇ ਵਿਕਸਤ ਦੇਸ਼ ਹਨ। ਜਿੰਨਾ ਹੋ ਸਕੇ ਧੰਮ ਨੂੰ ਸਵੀਕਾਰ ਕਰੋ, ਇਸਨੂੰ ਵੱਡੀ ਗਿਣਤੀ ਵਿੱਚ ਫੈਲਾਓ ਅਤੇ ਭਾਰਤ ਨੂੰ ਬੋਧੀ ਭਾਰਤ ਬਣਾਉਣ ਵਿੱਚ ਸਹਿਯੋਗ ਕਰੋ।


"JAI BHEEM JAI BHARAT"
Happy 134th
Ambedkar
JAYANTI
A Homeage To The
"Father Of The Indian Constitution"
"Justice, equality, and fraternity are the principles that should guide every society."
- Dr B.R. Ambedkar
Programme:-
Talks on life and work of Dr. Ambedkar, songs and poetry recitation.
"We are because he was"
Let us remember
The man who fought for us,
Dr B. R. Ambedkar
On his 134th birthday celebration.
Organised By:-
Sri Guru Ravidass Sabha, Bedford (+44 07715347643)
Bhagwan Valmik Sabha, Bedford (+44 07912502301)
Nirankari Satsang Bhavan, Bedford (+44 07852178561)
Ambedkar Mission Society, Bedford (+44 07721935138)
JOIN US
4th May, 2025
01:30P.M.-05:30P.M
The Centenary Hall, Kempston
104 Bedford Rd, Kempston,
Bedford MK42 8BG

# ਮਈ ਦਿਵਸ ਕਿਰਤੀਆਂ ਦਾ...

ਕਿਰਤੀਆਂ, ਮਿਹਨਤਕਸ਼ਾਂ, ਦੀਆਂ ਮੁਸ਼ਕਲਾਂ ਨੂੰ,ਸਮਰਪਿਤ ਹੁੰਦਾ, ਅੱਜ ਦਾ ਮਈ ਦਿਹਾੜਾ।ਕਲਾ-ਜੁਗ ਦੇ ਵਿਚ, ਬਹੁਤ ਪੇਚੀਦਾ ਹੋ ਰਹੀ ਜ਼ਿੰਦਗੀ,ਅਕਸਰ ਹੀ, ਇਨ੍ਹਾਂ ਵਿਚੋਂ ਗੁਜ਼ਰਦਾ, ਪੇਟ ਪਾਲ਼ਦਾ ਵਿਚਾਰਾ।ਭਾਵੇਂ ਕੰਮਾਂ-ਕਾਰਾਂ ਦੀ, ਬਹੁਤਾਤ ਹੋ ਗਈ, ਐਪਰ,ਮਜ਼ਦੂਰਾਂ ਦੀਆਂ, ਗ਼ੁਲਾਮੀ ਵਾਲੀਆਂ ਹਾਲਤਾਂ, ਨ੍ਹੀਂ ਹੋਈਆਂ ਹੱਲ।ਅਨਪੜ੍ਹਤਾ ਅਤੇ ਗਰੀਬੀ ਬਣਦੀਆਂ ਰਾਹ ਦਾ ਰੋੜਾ,ਜੀਵਨ-ਸਤਰ ਉੱਚਾ ਚੁਕਣਾ ਤਾਂ ਬਹੁਤ ਵੱਡੀ ਗੱਲ। ਮਜ਼ਦੂਰ ਸੰਘ ਬਣਦੇ, ਲੀਡਰ ਇਨ੍ਹਾਂ ਦੇ, ਲਾਲਚ ਵਿੱਚ ਵਿਕ ਜਾਂਦੇ,ਸੰਘਰਸ਼ੀ ਏਕਤਾ ਵਿੱਚ, ਠੱਲ ਨੇ ਪਾਉਂਦੇ । ਨਵੀਂ ਪੀੜ੍ਹੀ ਹੋਈ ਜਾਗ੍ਰਿਤ, ਕਹਿਣ ਇਕ-ਮੁੱਠਤਾ ਵਿੱਚ, ਜਾਨ ਹੈ ਪਾਉਣੀ।ਜਗਾ ਕੇ, ਇਨਸਾਨੀ ਜਜ਼ਬਾ, ਸਭ ਦਾ,ਸੁੱਤੇ ਪਏ ਇਨਕਲਾਬ,ਦੀ ਰੂਹ ਜਗਾਉਣੀ।ਐ ਦੁਨੀਆ ਵਾਲਿਓ ! ਰਬ ਸਭ ਦੇ ਅੰਦਰ ਹੈ ਵੱਸਦਾ,ਜੇ ਰੱਬ ਨੂੰ ਖ਼ੁਸ਼ ਕਰਨਾ, ਹੱਕ ਨਾ ਕਿਸੇ ਦਾ ਮਾਰੋ।ਸਾਲ ਦਾ ਹਰ ਦਿਨ, ਹੋਵੇ ਮਈ ਦਿਹਾੜਾ,ਦਿਹਾੜੀਦਾਰ ਦੇਵੇ ਦੁਆਵਾਂ, ਜੇ ਉਸ ਨਾਲ ਚੰਗੀ ਗੁਜ਼ਾਰੋ।ਅੱਜ-ਕਲ ਤਿੰਨ ਸਮੱਸਿਆਵਾਂ ਆਉਂਦੀਆਂ, ਬੜੀ ਮੁਸ਼ਕਿਲ ਨਾਲ ਲੋਕਾਂ ਨੂੰ ਕੰਮ ਹੈ ਲੱਭਦਾ। ਜਿਸ ਕੰਮ ਲਈ ਬੰਦਾ ਲੱਭੋ, ਉਹ ਫਿੱਟ ਨਹੀਂ ਲੱਗਦਾ। ਜਿਹੜੇ ਕੰਮ ਤੇ, ਪੱਕੇ ਰੱਖੇ ਹੁੰਦੇ, ਉਹ ਕਿਸੇ ਕੰਮ ਦੇ ਨ੍ਹੀਂ ਹੁੰਦੇ। ਰੁਜ਼ਗ-ਾਰ-ਦਾਤੇ ਲਈ ਸਮੱਸਿਆ ਦਿੰਦੇ।

ਸਮਾਜ ਵੀਕਲੀ ਨਿਊਜ਼



ਅਮਰਜੀਤ ਸਿੰਘ ਤੂਰਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639












# AMBEDKAR INTERNATIONAL MISSION, LONDON

***Pays Homage To***

# THE GREAT DR BABASAHEB AMBEDKAR

***On the occasion of his 134th Birth Anniversary***

**Sunday, 11th May, 2025 — From 2 pm (sharp) until 6 pm**

**At Elmhurst School, Upton Park Road, London, E7 8JY**

**All are cordially invited along with family, friends and relatives**

Speeches and poetry by distinguished guests

**Sir Stephen Timms MP, Minister of State at the Department for Work and Pensions will be in attendance from 2 pm until 2:30 pm**

## CHIEF GUEST



**Dr. B.P. Ashok (IPS Retd), PhD, D.Litt.**

Dr. B.P. Ashok is a prominent public figure now retired from his professional role as an Indian Police Service Officer. He has delivered over 5,000 lectures on social, cultural,religious, political, and motivational issues worldwide, including at the London School of Economics, House of Commons (UK), the University of London, the National Police Academy in Hyderabad, the UP Academy of Administration, and leading Strategic Change course at the Royal Institute of Public Administration in London, as well as lectured at various other universities around the world. He is also the author of more than 30 books.

## Transport and Parking

Nearest Underground: Upton Park, District, Hammersmith and City lines.

The venue is 10 minutes' walk from Upton Park Underground Station

## Cultural Entertainment

Giani Tarsem Singh Virdee and Party London (+91 9855 08290)
Tabla and Dhol Academy,

Dance performance:
Ms Tamalika and Ms Sonia

**Free parking at Elmhurst Primary School**

**Lunch will be strictly served between 12 noon - 1:30 pm only**

**Contact: Tel. 07751-668926**

# ਵੋਟਰਾਂ ਦਾ ਹਮੇਸ਼ਾ ਰਿਣੀ ਰਹਾਂਗਾ: ਸੁੱਖ ਧਾਲੀਵਾਲ



ਸੁੱਖ ਧਾਲੀਵਾਂਲ ਅਤੇ ਉੱਨਾਂ ਦੇ ਸਮਰਥਕ।


**ਵੈਨਕੂਵਰ ( ਮਲਕੀਤ ਸਿੰਘ )–** ਫੈਡਰਲ ਚੋਣਾਂ ਦੌਰਾਨ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸਰੀ ਨਿਊਟਨ ਸੰਸਦੀ ਹਲਕੇ ਤੋਂ ਲਗਾਤਾਰ ਛੇਵੀਂ ਵਾਰ ਜੇਤੂ ਰਹੇ ਲਿਬਰਲ ਪਾਰਟੀ ਦੇ ਉਮੀਦਵਾਰ ਸੁਖ ਧਾਲੀਵਾਲ ਵੱਲੋਂ ਆਪਣੀ ਜਿੱਤ ਮਗਰੋਂ ਖੁਸ਼ੀ ਜਾਹਿਰ ਕਰਦਿਆਂ ਆਪਣੇ ਸਮੂਹ ਵੋਟਰਾਂ ਅਤੇ ਸਪੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਗਿਆ ਹੈ ਕਿ ਮੈਂ ਉਹਨਾਂ ਦਾ ਹਮੇਸ਼ਾ ਰਿਣੀ ਰਹਾਂਗਾਝ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਾਲੀਵਾਲ ਨੇ ਅੱਗੇ ਕਿਹਾ ਕਿ ਉਹ ਪਹਿਲਾਂ ਵਾਂਗ ਆਮ ਲੋਕਾਂ ਦੀ ਸੇਵਾ ਵਿੱਚ ਦਿਨ ਰਾਤ ਹਾਜ਼ਰ ਰਹਿਣਗੇ ਅਤੇ ਕਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਚ ਆਮ ਲੋਕਾਂ ਨਾਲ ਮਿਲ ਕੇ ਕੈਨੇਡਾ ਦੇ ਸੁਨਹਿਰੀ ਭਵਿੱਖ ਲਈ ਲਗਾਤਾਰ ਯਤਨਸ਼ੀਲ ਰਹਿਣਗੇ।

ਸਮਾਜ ਵੀਕਲੀ ਨਿਊਜ਼







# ਪੰਜਾਬੀ ਸਾਹਿਤ ਦੀ ਸਿਰਮੌਰ ਰਚਨਾਕਾਰ ਡਾ. ਗੁਰਮਿੰਦਰ ਸਿੱਧੂ 'ਦਾ ਰੂਬਰੂ ਸਿਰਜਣਾ ਦੇ ਆਰ-ਪਾਰ' ਦੇ ਮੰਚ ਤੇ ਵਿਸ਼ੇਸ਼ ਪੈੜਾਂ ਛੱਡਦਾ ਹੋਇਆ ਸਮਾਪਤ ਹੋਇਆ

**ਬਰੇਂਪਟਨ ( ਰਮਿੰਦਰ ਵਾਲੀਆ )** ਅੰਤਰਰਾਸ਼ਟਰੀ ਸਾਹਿਤਕ ਸਾਂਝਾ ਬਰੈਂਪਟਨ ਕੈਨੇਡਾ ਵੱਲੋਂ ਮਹੀਨਾਵਾਰ ਅੰਤਰਰਾਸ਼ਟਰੀ ਆਨਲਾਈਨ ਪ੍ਰੋਗਰਾਮ ( ਸਿਰਜਣਾ ਦੇ ਆਰ ਪਾਰ )ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫ਼ਾਊਂਡਰ ਰਮਿੰਦਰ ਰੰਮੀ ਜੀ ਦੀ ਯੋਗ ਅਗਵਾਈ ਵਿੱਚ 27 ਅਪਰੈਲ ਦਿਨ ਐਤਵਾਰ ਨੂੰ 10 ਵਜੇ ਸਵੇਰੇ ਕੈਨੇਡਾ ਅਤੇ 7/30 ਸ਼ਾਮ ਭਾਰਤ ਕਰਵਾਇਆ ਗਿਆ । ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਵੱਲੋਂ ( ਸਿਰਜਣਾ ਦੇ ਆਰ ਪਾਰ ) ਪ੍ਰੋਗਰਾਮ ਦੇ ਵਿੱਚ ਇਸ ਵਾਰ ਪ੍ਰਸਿੱਧ ਕਵਿਤਰੀ ਅਤੇ ਮੈਡੀਕਲ ਡਾ. ਗੁਰਮਿੰਦਰ ਕੌਰ ਸਿੱਧੂ ਨੂੰ ਬਤੌਰ ਮਹਿਮਾਨ ਬੁਲਾਇਆ ਗਿਆ । ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਦੇ ਫ਼ਾਊਂਡਰ ਅਤੇ ਪ੍ਰਬੰਧਕਰਮਿੰਦਰ ਵਾਲੀਆ ਰੰਮੀ ਦੇ ਵਿਸ਼ੇਸ਼ ਯਤਨਾਂ ਨਾਲ ਕਰਵਾਏ ਗਏ ਇਸ ਪ੍ਰੋਗਰਾਮ ਦੇ ਵਿੱਚ ਡਾ. ਗੁਰਮਿੰਦਰ ਕੌਰ ਸਿੱਧੂ ਜੀ ਨੇ ਆਪਣੇ ਜੀਵਨ ਦੀਆਂ ਬਹੁਤ ਸਾਰੀਆਂ ਯਾਦਾਂ ਸਾਂਝੀਆਂ ਕੀਤੀਆਂ ।ਪ੍ਰੋਗਰਾਮ ਦੇ ਆਰੰਭ ਵਿੱਚ ਰਿੰਟੂ ਭਾਟੀਆ ਨੇ ਸਭ ਦਾ ਸਵਾਗਤ ਕੀਤਾ ਤੇ ਗੁਰਮਿੰਦਰ ਸਿੱਧੂ ਜੀ ਦਾ ਇੱਕ ਗੀਤ ਗਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ। ਸ਼ੁਰੂ ਵਿੱਚ ਰਮਿੰਦਰ ਵਾਲੀਆ ਰੰਮੀ ਨੇ ਡਾ . ਗੁਰਮਿੰਦਰ ਕੌਰ ਸਿੱਧੂ ਜੀ ਦਾ ਸਵਾਗਤ ਕੀਤਾ।ਇਸ ਪ੍ਰੋਗਰਾਮ ਦੇ ਮੋਡਰੇਟਰ ਪ੍ਰੋਫੈਸਰ ਕੁਲਜੀਤ ਕੌਰ ਸੀ . ਮੀਤ ਪ੍ਰਧਾਨ ਨੇ ਡਾ . ਗੁਰਮਿੰਦਰ ਸਿੱਧੂ ਨਾਲ ਗੱਲਬਾਤ ਕਰਦਿਆਂ ਉਹਨਾਂ ਨੂੰ ਬਚਪਨ ਤੋਂ ਲੈ ਕੇ ਹੁਣ ਤੱਕ ਦੇ ਜੀਵਨ ਸਫ਼ਰ ਬਾਰੇ ਬੜੀ ਭਾਵਪੂਰਤ ਜਾਣਕਾਰੀ ਉਹਨਾਂ ਤੋਂ ਪ੍ਰਾਪਤ ਕੀਤੀ। ਇਹ ਵਰਨਣਯੋਗ ਯੋਗ ਹੈ ਕਿ ਡਾਕਟਰ ਗੁਰਮਿੰਦਰ ਸਿੱਧੂ ਨੇ ਪੰਜਾਬੀ ਸਾਹਿਤ ਜਗਤ ਦੇ ਵਿੱਚ ਬਹੁਤ ਸਾਰੀਆਂ ਰਚਨਾਵਾਂ ਨਾਲ ਆਪਣੀ ਪਛਾਣ ਬਣਾਈ ਹੈ ।ਉਹਨਾਂ ਨੇ ਡਾਕਟਰੀ ਕਿੱਤੇ ਦੇ ਵਿੱਚ ਰਹਿੰਦਿਆਂ ਪਹਿਲੀ ਵਾਰ ਭਰੂਣ ਹੱਤਿਆ ਦੇ ਵਿਰੁੱਧ ਸੰਜੀਦਗੀ ਨਾਲ ਆਮ ਜਨਤਾ ਨੂੰ ਜਾਗਰੂਕ ਕੀਤਾ। ਉਹਨਾਂ ਦੀ ਇੱਕ ਪੁਸਤਕ 'ਨਾ ਮੰਮੀ ਨਾ' ਪਹਿਲੀ ਵਾਰ ਇੱਕ ਅਣਜੰਮੀ ਧੀ ਦੀ ਪੁਕਾਰ ਦੇ ਤੌਰ ਤੇ ਸਭ ਪੰਜਾਬੀ ਪਾਠਕਾਂ ਵੱਲੋਂ ਸਲਾਹੀ ਗਈ ਸੀ , ਤੇ ਭਰੂਣ ਹੱਤਿਆ ਦੇ ਖਿਲਾਫ ਆਵਾਜ਼ ਬੁਲੰਦ ਕਰਨ ਤੇ ਉਹਨਾਂ ਦੇ ਵਿਸ਼ੇਸ਼ ਯੋਗਦਾਨ ਨੂੰ ਵੇਖਦੇ ਹੋਏ ਉਹਨਾਂ ਨੂੰ 'ਸੱਤਿਆਮੇਵ ਜਯਤੇ 'ਸਟਾਰ ਪਲੱਸ ਦੇ ਪ੍ਰੋਗਰਾਮ ਦੇ ਵਿੱਚ ਵਿਸ਼ੇਸ਼ ਤੌਰ ਤੇ ਸੱਦਾ ਦਿੱਤਾ ਗਿਆ ਸੀ ।ਔਰਤ ਅੰਦਰ ਜਿਊਣ ਤੇ ਜੂਝਣ ਦਾ ਜੋਸ਼ ਭਰਦੀਆਂ ਦੋ ਕਿਤਾਬਾਂ 'ਕਹਿ ਦਿਓ ਉਸ ਕੁੜੀ ਨੂੰ' ਤੇ 'ਧੀਆਂ ਨਾਲ ਜੱਗ ਵਸੇਂਦਾ' ਨੇ ਕੁੜੀਆਂ ਅੰਦਰ ਬਹੁਤ ਜੋਸ਼ ਭਰਿਆ ਹੈ। ਵਿਆਹਾਂ ਦੇ ਕਾਰਡ ਪੰਜਾਬੀ ਵਿਚ ਛਪਵਾਉਣ ਲਈ ਉਤਸ਼ਾਹਿਤ ਕਰਦੀ ਉਹਦੀ ਕਿਤਾਬ 'ਚੌਮੁਖੀਆ ਇਬਾਰਤਾਂ', ਜਿਸ ਵਿਚ ਸਵਾਗਤੀ ਸਮਾਰੋਹ, ਜਨਮ-ਦਿਨ, ਨਵਾਂ ਸਾਲ, ਦੀਵਾਲੀ, ਲੋਹੜੀ, ਹੋਲੀ ਵਰਗੇ ਤਿਉਹਾਰਾਂ ਲਈ ਸ਼ੁਭ-ਇਛਾਵਾਂ ਤੇ ਕਾਰਡਾਂ ਦੇ ਨਮੂਨੇ ਵੀ ਹਨ, ਇੰਟਰਨੈਟ 'ਤੇ ਬਹੁਤ ਚਰਚਿਤ ਹੋਈ ਹੈ, ਜਿਹਨਾਂ ਨੂੰ ਪੰਜਾਬੀ ਪ੍ਰੇਮੀ ਫੇਸਬੁਕ ਜਾਂ ਵਟਸ ਐਪ ਰਾਹੀਂ ਸੁਨੇਹੇ ਭੇਜਣ ਲਈ ਵਰਤ ਰਹੇ ਹਨ।ਉਹਨਾਂ ਨੇ ਦੱਸਿਆ ਕਿ ਉਹਨਾਂ ਦਾ ਬਚਪਨ ਬਹੁਤ ਹੀ ਸਧਾਰਨ ਪਰਿਵਾਰ ਚ ਬੀਤਿਆ। ਉਹਨਾਂ ਦੇ ਪਿਤਾ ਕੈਪਟਨ ਦੇ ਅਹੁਦੇ ਤੋਂ ਰਿਟਾਇਰ ਹੋਏ ਸਨ ਪਰ ਜਦੋਂ ਉਹ ਛੋਟੇ ਸਨ ਤਾਂ ਉਹਨਾਂ ਦੇ ਪਿਤਾ ਉਹਨਾਂ ਨੂੰ ਪੜਨ ਲਈ ਪ੍ਰੇਰਿਤ ਕਰਦੇ ਹੁੰਦੇ ਸਨ । ਉਹਨਾਂ ਦੇ ਦਾਦਾ ਵੀ ਹਮੇਸ਼ਾਂ ਉਹਨਾਂ ਨੂੰ ਇਸ ਗੱਲ ਦੀ ਆਸ਼ੀਰਵਾਦ ਦਿੰਦੇ ਕਿ ਉਹ ਲਿਖਣ -ਪੜਣ ਤੇ ਆਪਣੇ ਸ਼ਖਸੀਅਤ ਦੀ ਉਸਾਰੀ ਕਰਨ । ਉਹਨਾਂ ਨੂੰ ਘਰੇਲੂ ਮਾਹੌਲ ਇਸ ਤਰ੍ਹਾਂ ਦਾ ਮਿਲਿਆ ਜਿੱਥੇ ਉਹਨਾਂ ਦੀ ਸ਼ਖਸੀਅਤ ਦਾ ਵਿਕਾਸ ਹੋ ਸਕਿਆ । ਮੈਡੀਕਲ ਕਿੱਤੇ ਦੀ ਪੜ੍ਹਾਈ ਕਰਦਿਆਂ ਕਰਦਿਆਂ ਹੀ ਉਹਨਾਂ ਨੇ ਕਾਵਿ ਰਚਨਾਵਾਂ ਵਿੱਚ ਵਿਸ਼ੇਸ਼ ਦਿਲਚਸਪੀ ਦਿਖਾਈ ਉਸ ਸਮੇਂ ਬਹੁਤ ਸਾਰੇ ਮੈਗਜ਼ੀਨ ਉਨ੍ਹਾਂ ਦੇ ਘਰ ਵਿੱਚ ਆਉਂਦੇ ਸਨ ਜਿਨਾਂ ਨੂੰ ਪੜ੍ਹ ਕੇ ਉਹਨਾਂ ਨੂੰ ਲਿਖਣ ਦੀ ਪ੍ਰੇਰਨਾ ਮਿਲਦੀ ਤੇ ਅੱਠਵੀਂ ਕਲਾਸ ਵਿੱਚ ਉਹਨਾਂ ਨੇ ਪਹਿਲੀ ਵਾਰ ਆਪਣੀ ਕਵਿਤਾ ਲਿਖੀ ਸੀ । ਮੈਡੀਕਲ ਕਾਲਜ ਤੱਕ ਪਹੁੰਚਦਿਆਂ ਪਹੁੰਚਦਿਆਂ 18 ਦੇ ਕਰੀਬ ਉਹਨਾਂ ਦੀਆਂ ਕਵਿਤਾਵਾਂ ਛਪ ਚੁੱਕੀਆਂ ਸਨ ਜਿਨਾਂ ਨੇ ਉਹਨਾਂ ਨੂੰ ਪ੍ਰੇਰਨਾ ਦਿੱਤੀ। ਉਹਨਾਂ ਨੇ ਕੁਝ ਜ਼ਿਕਰ ਸਾਂਝੇ ਕਰਦਿਆਂ ਉਹਨਾਂ ਦੱਸਿਆ ਕਿ ਉਹਨਾਂ ਦਾ ਜੀਵਨ ਬੜਾ ਸਾਦਗੀ ਭਰਪੂਰ ਸੀ ਜਿੱਥੇ ਵੱਡਿਆਂ ਵੱਲੋਂ ਦਿੱਤੇ ਜਾਂਦੇ ਅਸ਼ੀਰਵਾਦ ਨਾਲ ਬੱਚੇ ਅੱਗੇ ਵਧਦੇ ਸਨ ਤੇ ਉਹ ਉਹਨਾਂ ਦੇ ਪਤੀ ਡਾਕਟਰ ਬਲਦੇਵ ਸਿੰਘ ਖਹਿਰਾ ਨੇ ਵੀ ਉਹਨਾਂ ਦਾ ਹੌਸਲਾ ਵਧਾਇਆ ਤੇ ਉਹਨਾਂ ਨੂੰ ਪੁਸਤਕਾਂ ਲਿਖਣ ਲਈ ਤੇ ਆਪਣੇ ਸ਼ੌਂਕ ਪੂਰੇ ਕਰਨ ਦਾ ਪੂਰਾ ਮੌਕਾ ਦਿੱਤਾ।'ਚੰਦ ਦੀ ਬਰਫੀ' ਵਰਗੀ ਬਾਲ-ਕਵਿਤਾ, ਜਿਸਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਸ੍ਰੀ ਗੁਰੂ ਹਰਕਿਸ਼ਨ ਪੁਰਸਕਾਰ ਮਿਲ ਚੁੱਕਾ ਹੈ, ਨੇ ਬਾਲ-ਪ੍ਰੇਮੀ ਪਾਠਕਾਂ ਦੇ ਮਨ ਨੂੰ ਛੂਹਿਆ। 'ਰੁੱਖਾਂ ਦੀ ਅੰਤਾਕਸ਼ਰੀ' ਸਕੂਲਾਂ ਲਈ ਪ੍ਰਵਾਨਿਤ ਹੋ ਕੇ




ਸਿੱਖਿਆ ਦੇ ਖੇਤਰ ਵਿੱਚ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੋੜਦੀ ਹੈ, ਜਦਕਿ 'ਬੋਹੜ ਦਾ ਦਰੱਖਤ' ਹਿੰਦੀ ਤੋਂ ਪੰਜਾਬੀ ਵਿੱਚ ਕੀਤਾ ਗਿਆ ਅਨੁਵਾਦ, ਸਾਂਝੀ ਸੰਸਕ੍ਰਿਤੀ ਨੂੰ ਪੋਸ਼ਣ ਦੇਣ ਵਾਲੀ ਕੋਸ਼ਿਸ਼ ਹੈ। ਵਾਰਤਕ ਰਚਨਾਵਾਂ 'ਧੀਆਂ ਨਾਲ ਜੱਗ ਵਸੇਂਦਾ', 'ਨਾ! ਮੰਮੀ ਨਾ' ਅਤੇ 'ਚੇਤਿਆਂ ਦਾ ਸੰਦੂਕ' — ਜਿਸਨੂੰ ਭਾਸ਼ਾ ਵਿਭਾਗ ਵੱਲੋਂ ਪੁਰਸਕਾਰ ਵੀ ਮਿਲ ਚੁੱਕਾ ਹੈ — ਸਮਾਜਕ ਸੰਵੇਦਨਸ਼ੀਲਤਾ ਅਤੇ ਮਨੁੱਖੀ ਸੰਬੰਧਾਂ ਦੀ ਅੰਤਰਯਾਤਰਾ ਨੂੰ ਸਮਰਪਿਤ ਹਨ। ਹੰਝੂ ਭਿੱਜਿਆ ਮੌਸਮ ਤਾਰਿਆਂ ਦੀ ਛਾਵੇਂ ,ਮੱਸਿਆ ਤੇ ਗੁਲਾਬੀ ਲੋਅ ,ਬੁੱਕਲ ਵਿਚਲੇ ਸੂਰਜ ,ਚੌਮੁਖੀਆ ਇਬਾਰਤਾਂ।1॥ ਹੁਣ ਅਲਵਿਦਾ ਹੁੰਦੇ ਨੇ ਖ਼ਤ, ਕਹਿ ਦਿਓ ਉਸ ਕੁੜੀ ਨੂੰ ਆਦਿ ਪੁਸਤਕਾਂ ਵਿਸ਼ੇਸ਼ ਤੌਰ ਤੇ ਸਾਲਾਹੁਣ ਯੋਗ ਹਨ।ਡਾਕਟਰ ਗੁਰਮਿੰਦਰ ਸਿੱਧੂ ਨੇ ਆਪਣੀਆਂ ਰਚਨਾਵਾਂ ਵੀ ਸੁਣਾਈਆਂ ਜਿਨਾਂ ਵਿੱਚ ਉਹਨਾਂ ਨੇ ਵਿਸ਼ਵ ਅਮਨ ਦੀ ਗੱਲ ਕੀਤੀ । ਅਜੋਕੇ ਦੌਰ ਵਿੱਚ ਧਰਮ ਦੇ ਨਾਂ ਤੇ ਹੋਣ ਵਾਲੇ ਮਾਨਵੀ ਹੱਕਾਂ ਦੇ ਘਾਣ ਬਾਰੇ ਉਹਨਾਂ ਨੇ ਚਿੰਤਾ ਪ੍ਰਗਟ ਕੀਤੀ ।ਇਸ ਪ੍ਰੋਗਰਾਮ ਦੇ ਵਿੱਚ ਸ਼ਾਮਿਲ ਦਰਸ਼ਕਾਂ ਨੇ ਵੀ ਆਪਣੀਆਂ ਟਿੱਪਣੀਆਂ ਕੀਤੀਆਂ ਜਿਨਾਂ ਵਿੱਚ ਡਾਕਟਰ ਕੰਵਲਜੀਤ ਕੌਰ ਗਿੱਲ ਨੇ ਵਿਸ਼ੇਸ਼ ਤੌਰ ਤੇ ਵਰਤਮਾਨ ਸਮੇਂ ਨਾਰੀ ਦੀ ਸਥਿਤੀ ਬਾਰੇ ਕੁਝ ਵਿਚਾਰ ਤੇ ਗੁਰਮਿੰਦਰ ਸਿੱਧੂ ਦੀ ਰਚਨਾਵਾਂ ਵਿੱਚ ਨਾਰੀ ਬਾਰੇ ਗੱਲ ਕੀਤੀ ਤੇ ਭਰੂਣ



ਹੱਤਿਆ ਨਾਲ ਸੰਬੰਧਿਤ ਚੁਣੌਤੀਆਂ ਦੇ ਬਾਰੇ ਵੀ ਚਰਚਾ ਕੀਤੀ ।ਪ੍ਰੋ. ਨਵਰੂਪ ਕੌਰ ਵਾਈਸ ਪ੍ਰਿੰਸੀਪਲ ਐਚ ਐਮ ਵੀ ਕਾਲਜ ਜਲੰਧਰ ਨੇ ਵੀ ਆਪਣੇ ਕੀਮਤੀ ਰੁਝੇਵਿਆਂ ਵਿੱਚੋਂ ਸਮਾਂ ਨਿਕਾਲ ਕੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ । ਇਹਨਾਂ ਤੋਂ ਇਲਾਵਾ ਮੀਤਾ ਖੰਨਾ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਡਾਕਟਰ ਬਲਜੀਤ ਕੌਰ ਰਿਆੜ ਕਨਵੀਨਰ ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਤੇ ਅਸਿਸਟੈਂਟ ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਡਾਕਟਰ ਗੁਰਮਿੰਦਰ ਕੌਰ ਸਿੱਧੂ ਦੀ ਕਵਿਤਾ ਨੂੰ ਸੰਵੇਦਨਾ ਭਰਪੂਰ ਕਿਹਾ ਜਿਹੜੀ ਮਾਨਵੀ ਹੱਕਾਂ ਵਾਸਤੇ ਸਾਨੂੰ ਸੁਚੇਤ ਕਰਦੀ ਹੈ ।ਇਹਨਾਂ ਤੋਂ ਇਲ-ਾਵਾ ਹੋਰ ਵੀ ਕਈ ਦਰਸ਼ਕਾਂ ਨੇ ਆਪਣੇ ਕਮੈਂਟ ਤੇ ਟਿੱਪਣੀਆਂ ਲਿਖੀਆਂ ਪ੍ਰੋਗਰਾਮ ਦੇ ਅੰਤ ਵਿੱਚ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੇਅਰਮੈਨ ਸਰਦਾਰ ਪਿਆਰਾ ਸਿੰਘ ਕੁੱਦੋਵਾਲ ਨੇ ਡਾਕਟਰ ਗੁਰਮਿੰਦਰ ਕੌਰ ਸਿੱਧੂ ਦੀ ਲਿਖਤ ਨੂੰ ਜਿੱਥੇ ਨਾਰੀ ਸ਼ਕਤੀ ਦੇ ਭਰੋਸੇ ਦੇ ਵਿਸ਼ਵਾਸ ਦਾ ਪ੍ਰਤੀਕ ਦੱਸਿਆ ਉਥੇ ਨਾਲ ਹੀ ਸਮਾਜਿਕ ਸਰੋਕਾਰਾਂ ਭਰਪੂਰ ਵਿਸ਼ਿਆਂ ਵਿੱਚ ਉਹਨਾਂ ਦੀ ਖਾਸੀਅਤ ਦੀ ਗੱਲ ਕੀਤੀ ।ਉਹਨਾਂ ਨੇ ਕਿਹਾ ਕਿ ਡਾਕਟਰ ਗੁਰਮਿੰਦਰ ਕੌਰ ਸਿੱਧੂ ਕਈ ਦਹਾਕਿਆਂ ਤੋਂ ਪੰਜਾਬੀ ਸਾਹਿਤ ਨਾਲ ਜੁੜੇ ਹਨ ਤੇ ਨਿਰੰਤਰ ਕਾਰਜਸ਼ੀਲ ਹਨ ਤੇ ਭਵਿੱਖ ਵਿੱਚ ਵੀ ਇਹਨਾਂ ਤੋਂ ਬਹੁਤ ਸਾਰੀਆਂ ਉਮੀਦਾਂ ਕਰ ਸਕਦੇ ਹਾਂ।ਉਹਨਾਂ ਨੇ ਪ੍ਰੋਫੈਸਰ ਕੁਲਜੀਤ ਕੌਰ ਦੇ ਪ੍ਰਸ਼ਨ ਪੁੱਛਣ ਦੇ ਅੰਦਾਜ਼ ਦੀ ਤਾਰੀਫ ਕਰਦਿਆਂ ਕਿਹਾ ਕਿ ਉਹ ਇਸ ਅੰਦਾਜ ਨਾਲ ਪੁੱਛਦੇ ਹਨ ਕਿ ਵਿਸ਼ੇਸ਼ ਮਹਿਮਾਨ ਆਪਣੇ ਮਨ ਦੀਆਂ ਗੱਲਾਂ ਬੇਝਿਜਕ ਹੋ ਕੇ ਕਰੀ ਜਾਂਦਾ ਹੈ।ਉਹਨਾਂ ਨੇ ਗੁਰਮਿੰਦਰ ਸਿੱਧੂ ਜੀ ਦੀ ਇੱਕ ਰਚਨਾ ਨੂੰ ਗਾ ਕੇ ਮਾਹੌਲ ਮੰਤਰ ਮੁਗਧ ਕਰ ਦਿੱਤਾ ਤੇ ਸਭ ਦਾ ਧੰਨਵਾਦ ਕੀਤਾ । ਇਸ ਪ੍ਰਕਾਰ ਇਹ ਪ੍ਰੋਗਰਾਮ ਆਪਣੀਆਂ ਵਿਸ਼ੇਸ਼ ਪੈੜਾਂ ਛੱਡਦਾ ਹੋਇਆ ਸਮਾਪਤ ਹੋਇਆ।ਪਿਆਰਾ ਸਿੰਘ ਕੁੱਦੋਵਾਲ ਜੀ ਨੇ ਡਾ ਗੁਰਮਿੰਦਰ ਸਿੱਧੂ ਦੀ ਸ਼ਖਸੀਅਤ ਨੂੰ ਸਾਰਿਆਂ ਵਾਸਤੇ ਪ੍ਰਭਾਵਸ਼ਾਲੀ ਅਤੇ ਪ੍ਰੇਰਨਾਦਾਇਕ ਦੱਸਿਆ।ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਦਰਸ਼ਕ ਜੁੜੇ ਸਨ ਤੇ ਫੇਸਬੁਕ ਲਾਈਵ ਰਾਹੀ ਦਰਸ਼ਕਾਂ ਨੇ ਆਪਣੀਆਂ ਟਿੱਪਣੀਆਂ ਕੀਤੀਆਂ ਤੇ ਚੈਟ ਬਾਕਸ ਵਿਚ ਵੀ ਆਪਣੇ ਮੈਸੇਜ ਸ਼ੇਅਰ ਕੀਤੇ । ਮੁੱਖ ਤੌਰ ਤੇ ਸ਼ਾਮਿਲ ਦਰਸ਼ਕਾਂ ਵਿੱਚ ਗੁਰਚਰਨ ਸਿੰਘ ਜੋਗੀ ,ਪੋਲੀ ਬਰਾੜ, ਗਿਆਨ ਸਿੰਘ ਘਈ , ਮਲੂਕ ਸਿੰਘ ਕਾਹਲੋਂ, ਡਾ . ਪੁਸ਼ਪਿੰਦਰ ਕੌਰ ਖੋਖਰ , ਹਰਦਿਆਲ ਸਿੰਘ ਝੀਤਾ , ਡਾ . ਗੁਰਜੰਟ ਸਿੰਘ , ਸ . ਦਲਬੀਰ ਸਿੰਘ ਰਿਆੜ , ਮੀਤ ਪ੍ਰਧਾਨ ਸਤਬੀਰ ਸਿੰਘ , ਅੰਮ੍ਰਿਤ ਦਰਸ਼ਨ , ਜਗਦੀਪ ਮਾਂਗਟ ਅਤੇ ਜਨਰਲ ਸਕੱਤਰ ਡਾ . ਅਮਰ ਜੋਤੀ ਮਾਂਗਟ , ਹਰਭਜਨ ਗਿੱਲ , ਹਰਜੀਤ ਬਮਰਾ , ਹਰਜੀਤ ਕੌਰ , ਮਹਿੰਦਰ ਸਿੰਘ ਜੱਗੀ , ਹਰਦੀਪ ਕੌਰ , ਸੋਹਣ ਸਿੰਘ ਗੈਦੂ , ਰਿਪੂ ਦਮਨ , ਆਦਿ ਸ਼ਾਮਿਲ ਸਨ।ਇਹ ਰਿਪੋਰਟ ਪ੍ਰੋ . ਕੁਲਜੀਤ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ । ਧੰਨਵਾਦ ਸਹਿਤ ।

**ਰਮਿੰਦਰ ਵਾਲੀਆ**

**ਫ਼ਾਊਂਡਰ ਅਤੇ ਪ੍ਰਬੰਧਕ**

**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ।**

# 20 ਅੰਬੇਡਕਰਵਾਦੀ ਸਕੂਲਾਂ ਦਾ ਮਿਸ਼ਨ ਚਿਮੂਰ, ਜ਼ਿਲ੍ਹਾ ਚੰਦਰਪੁਰ ਮਹਾਰਾਸ਼ਟਰ ਤੋਂ ਸ਼ੁਰੂ ਹੋਇਆ











**ਸਮਾਜ ਵੀਕਲੀ ਯੂ ਕੇ-**

ਮਹਾਰਾਸ਼ਟਰ- ਸ਼੍ਰੀ ਐਸ ਐਲ ਗਿੰਦਾ ਯੂਕੇ ਦੇ ਚੇਅਰਮੈਨ ਬੋਧੀਸਤਵ ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੋਸਾਇਟੀ, ਜਲੰਧਰ, ਪੰਜਾਬ ਨੇ 29.04.2025 ਨੂੰ ਚਿਮੂਰ, ਜ਼ਿਲ੍ਹਾ ਚੰਦਰਪੁਰ, ਮਹਾਰਾਸ਼ਟਰ ਵਿਖੇ ਬੋਧੀਸਤ ਬਾਬਾ ਸਾਹਿਬ ਅੰਬੇਡਕਰ ਪਬਲਿਕ ਸਕੂਲ ਦਾ ਉਦਘਾਟਨ ਕੀਤਾ। ਇਹ ਭਾਰਤ ਵਿੱਚ ਤੀਜਾ ਸਕੂਲ ਹੈ। ਪਹਿਲਾ ਰਾਸ਼ਟਰੀ ਸਕੂਲ ਜਲੰਧਰ ਪੰਜਾਬ ਵਿੱਚ ਹੈ ਅਤੇ ਦੂਜਾ ਪੁਲਗਾਓਂ, ਮਹਾਰਾਸ਼ਟਰ ਵਿੱਚ ਹੈ। ਉਨ੍ਹਾਂ ਨੇ ਪੂਰੇ ਭਾਰਤ ਵਿੱਚ ਸਭ ਤੋਂ ਵਧੀਆ 22 ਸਕੂਲ ਬਣਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ 14.10.1956 ਨੂੰ ਦੀਕਸ਼ਾ ਭੂਮੀ ਨਾਗਪੁਰ ਵਿਖੇ ਬਾਬਾ ਸਾਹਿਬ ਅੰਬੇਡਕਰ ਦੁਆਰਾ ਦਿੱਤੇ ਗਏ 22 ਸਿਧਾਂਤ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਦੁਆਰਾ ਦੱਸੇ ਗਏ ਸਰਵਪੱਖੀ ਵਿਕਾਸ ਲਈ ਸਿੱਖਿਆ ਬਹੁਤ ਮਹੱਤਵਪੂਰਨ ਕਾਰਕ ਹੈ। ਸਾਡੇ ਬੱਚਿਆਂ ਨੂੰ ਪੜ੍ਹਾਈ ਕਰਦੇ ਸਮੇਂ ਸਾਡੀ ਬੋਧੀ ਸੱਭਿਆਚਾਰ ਨੂੰ ਸਿੱਖਣਾ ਚਾਹੀਦਾ ਹੈ ਤਾਂ ਜੋ ਉਹ ਕਿਸੇ ਦੇ ਅੱਗੇ ਨਾ ਝੁਕਣ, ਉਹ ਸਾਰੇ ਖੇਤਰਾਂ ਵਿੱਚ ਬਹੁਤ ਮਜ਼ਬੂਤ ਹੋਣ। ਬੀਬੀਏਪੀਜ਼ ਪੁਲਗਾਓਂ ਦੇ ਸੰਸਥਾਪਕ ਸ਼੍ਰੀ ਡੋਂਗਰੇ, ਸ਼੍ਰੀ ਬੋਰਕਰ ਅਤੇ ਵਾਨਖੇੜੇ ਚਿਮੂਰ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇੰਜੀਨੀਅਰ ਰੂਪਰਾਜ ਗੋਰੀ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ। ਡਾ. ਐਮਐਸ ਜੰਭੁਲੇ ਅਤੇ ਪਤਵੰਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ।



for more news visit:
www.samajweekly.com

# ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮ ਦਿਹਾੜਾ ਬੜੇ ਧੂਮ ਧਾਮ ਨਾਲ ਮਨਾਇਆ













ਬੀਤੇ ਦਿਨੀਂ ਮਿਤੀ 27/4/25 ਪਿੰਡ ਬਾਠਾਂ ਵਿਧਾਨ ਸਭਾ ਹਲਕਾ ਨਕੋਦਰ ਜ਼ਿਲਾ ਜਲੰਧਰ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮ ਦਿਹਾੜਾ ਬੜੇ ਧੂਮ ਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਮੁੱਖ ਬੁਲਾਰੇ ਵਜੋਂ ਸ. ਅਮਨਦੀਪ ਸਿੰਘ ਸਿੱਧੂ ਬਾੜੀਆਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਸਭ ਤੋਂ ਪਹਿਲਾਂ ਬਾਬਾ ਸਾਹਿਬ ਅੰਬੇਡਕਰ ਜੀ ਦੀ ਪ੍ਰਤਿਮਾ ਅੱਗੇ ਨਮਨ ਕੀਤਾ ਗਿਆ ਤੇ ਫੁੱਲ ਮਾਲਾ ਅਰਪਿਤ ਕੀਤੀ ਗਈ। ਉਪਰੰਤ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਅਤੇ ਫ਼ਲਸਫ਼ੇ ਬਾਰੇ ਚਾਨਣਾ ਪਾਇਆ। ਇਸ ਮੌਕੇ ਲਾਂਦੜਾ ਪ੍ਰਗਤੀ ਕਲਾ ਕੇਂਦਰ ਵਲੋਂ ਜੀਵਨ ਦੀ ਗਾਥਾ ਬਾਰੇ ਨਾਟਕ ਅਤੇ ਕੋਰੀਓਗ੍ਰਾਫੀ ਪੇਸ਼ ਕੀਤੇ। ਸਮੂਹ ਨਗਰ ਨਿਵਾਸੀਆਂ ਵਿੱਚ ਭਾਰੀ ਉਤਸਾਹ ਵੇਖਣ ਨੂੰ ਮਿਲਿਆ ਅਤੇ ਪਿੰਡ ਵਾਸੀਆਂ ਨੇ ਪ੍ਰਣ ਕੀਤਾ ਕਿ ਅਸੀਂ ਬਾਬਾ ਸਾਹਿਬ ਅੰਬੇਡਕਰ ਜੀ ਦੇ ਦੱਸੇ ਹੋਏ ਮਾਰਗ ਤੇ ਚੱਲਾਂਗੇ। ਇਸ ਪ੍ਰੋਗਰਾਮ ਦੇ ਸਟੇਜ ਸਕੱਤਰ ਦੀ ਭੂਮਿਕਾ ਬੱਬੂ ਬਾਟ ਜੀ ਵੱਲੋਂ ਨਿਭਾਈ ਗਈ। ਅਤੇ ਬਾਬਾ ਸਾਹਿਬ ਦੇ ਮਿਸ਼ਨ ਪ੍ਰਤੀ ਆਪਣਾ ਬਣਦਾ ਯੋਗਦਾਨ ਪਾਉਣਾ ਲਈ ਉਸ 09 ਘੰਟੇ(ਦਿਨ/ਰਾਤ) ਦੀ ਆਪ ਡਰਾਈਵ ਕਰਕੇ ਲੋਕਾਂ ਨੂੰ ਫੂਲੇ ਸ਼ਾਹੂ ਅੰਬੇਡਕਰ ਮੂਵਮੇਂਟ ਬਾਰੇ ਸੁਚੇਤ ਕੀਤਾ। ਇਸ ਮੌਕੇ ਬਹੁਜਨ ਸਮਾਜ ਪਾਰਟੀ ਦੇ ਆਗੂ ਸਾਹਿਬਾਨ ਵੀ ਉਚੇਚੇ ਤੌਰ ਤੇ ਸ਼ਾਮਿਲ ਸਨ। ਉਸ ਮੌਕੇ ਦੀਆਂ ਤਸਵੀਰਾਂ।

## ਗਜ਼ਲ

ਹਜ਼ਾਰਾਂ ਇਮਾਰਤਾਂ ਬਣਾਈਆਂ
ਸਮਾਨ ਸਿਰਾਂ ਉੱਤੇ ਢੋਇਆ
ਕੀਤੀ ਅਣਥੱਕ ਮਿਹਨਤ
ਨਾਲ ਆਪਾ ਵੀ ਖੋਇਆ
ਕੁੱਲੀ ਗੁੱਲੀ ਜੁੱਲੀ ਦਾ ਇਕ
ਅੱਖਾਂ 'ਚ ਸਪਨਾ ਸੰਜੋਇਆ
ਉਹਦੇ ਬੱਚੇ ਪੜ੍ਹ ਜਾਣ
ਉਨ੍ਹਾਂ ਲਈ ਭੱਤਾ ਵੀ ਢੋਇਆ
ਉੱਤੋਂ ਮਹਿੰਗਾਈ ਦੀ ਮਾਰ
ਨਾਲ਼ੇ ਸਿਹਤ ਵੀ ਨਾ ਚੰਗੀ
ਦੁੱਖ-ਸੁੱਖ ਪਵੇ ਜਾਣ ਦੀ ਲੋੜ
ਦਿਹਾੜੀ ਜਾਣ ਦਾ ਡਰ ਸਦਾ ਹੋਇਆ
ਉਪਰੋਂ ਮਿਹਨਤ ਲਹੂ ਪੀਣੀ
ਖੌਫ਼ ਮਾਲਕ ਦਾ ਕਰੇ ਅਧਮੋਇਆ
ਦਿਨ ਛੋਟੇ ਛੋਟੇ ਲੱਗਦੇ ਨੇ
ਉਮਰ ਘਟਦੀ ਨਜ਼ਰ ਆਵੇ
ਉਹਦੇ ਸੁਫਨਿਆਂ ਦਾ ਸੰਸਾਰ
ਇਮਾਰਤ ਦੀਆਂ ਨੀਂਹਾਂ ਵਿੱਚ ਖੋਇਆ
ਇਹ ਦਿਹਾੜੀਦਾਰ ਕੰਮਕਾਜ
ਬੜਾ ਬੇਮੁਹਤਾਜ ਹੈ ਨਾਗਰਾ
ਨਾਂ ਹਾਕਮ ਕਦੇ ਜ਼ੁੰਮੇਵਾਰ
ਨਾਂ ਮਾਲਕ ਹੱਕ ਵਿੱਚ ਹੋਇਆ



**ਸੁਰਿੰਦਰ ਸ਼ਰਮਾ ਨਾਗਰਾ**

## ਮਜ਼ਦੂਰ

ਸਖ਼ਤ ਮਿਹਨਤਾਂ ਕਰਕੇ ਤੈਨੂੰ
ਵਿੱਚ ਸਕੂਲੇ ਪਾਵਾਂ
ਅਜੋਕੇ ਮਾਹੌਲ ਨੂੰ ਵੇਖ਼ ਕੇ ਮੈਂ
ਅੰਦਰੋ ਅੰਦਰੀ ਘਬਰਾਵਾਂ
ਸਿੱਖਿਆ ਪ੍ਰਣਾਲੀ ਸਮਾਜ ਦੀ ਸੇਵਾ
ਸੀ ਕਦੇ ਭਰੋਸਾ ਕਰਦੇ
ਅੱਜ ਦੁਕਾਨਾਂ ਬਣਕੇ ਰਹਿ ਗਈ
ਬਸ ਅਮੀਰ ਹੀ ਜੇਬਾਂ ਭਰਦੇ
ਸਰਕਾਰੀ ਸਕੂਲਾਂ ਦਾ ਮਿਆਰ
ਗਿਰਾਇਆ ਆਪਣੇ ਹੀ ਭਰਾਵਾਂ
ਕੁੱਝ ਸਰਕਾਰੀ ਧੰਦੇ ਲੱਗੇ ਨੇ
ਕਈ ਤਾਂ ਕਰਦੇ ਕੰਮ ਬਜ਼ਾਰਾਂ
ਕਈ ਤਾਂ ਬਣੇ ਲੀਡਰ ਸਰਕਾਰੀ
ਜਿਹੜੇ ਦਿੰਦੇ ਨਿੱਤ ਬਲਾਵਾਂ
ਮਾਂ ਬੋਲੀ ਦਾ ਢੋਂਗ ਰਚਾਉਂਦੇ
ਐਵੇਂ ਝੂਠੀਆਂ ਕਰਨ ਪ੍ਰਚਾਰਾਂ
ਡਾਕਟਰ ਵਕੀਲ ਪ੍ਰੋਫੈਸਰ ਬਣਨਾ
ਤੈਥੋਂ ਕੀ ਉਮੀਦ ਲਗਾਵਾਂ
ਸਭ ਪੈਸੇ ਦਾ ਖੇਲ ਹੈ ਬੱਚੇ
ਬੱਲੀ ਕਿੰਝ ਸਮਝਾਵਾਂ
ਵਾਂਗ ਲੀਡਰਾਂ ਲਾਰੇ ਲਾ ਕੇ
ਬਹੁਤਾ ਨਾ ਉਲਝਾਵਾਂ
ਰਾਜਨੀਤਿਕ ਪਹਿਰੂ
ਵਰਾਉਣ ਸੋਟੀਆਂ
ਬੇਰੋਜਗਾਰ ਦਾ ਵੇਖ਼ ਪਰਛਾਂਵਾਂ



**ਬੱਲੀ ਬਲਜਿੰਦਰ ਈਲਵਾਲ**

## ਮਜ਼ਦੂਰੀ

ਖੋਰੇ ਕੀ ਮਜਬੂਰੀ ਰਹਿਗੀ,
ਦਿਲ ਦੀ ਰੀਝ ਅਧੂਰੀ ਰਹਿਗੀ।

ਪਾਟਾ ਸੀ ਕੁੜਤੇ ਦਾ ਗੀਜਾ ,
ਗੀਜੇ 'ਚ ਮਜਦੂਰੀ ਰਹਿਗੀ।

ਭੁੱਖੇ ਬਾਲਾਂ ਕਾਹਦਾ ਹੱਸ ਕੇ ਤੱਕਿਆ,
ਸੀਨੇ 'ਚ ਗੱਡੀ ਛੂਰੀ ਰਹਿਗੀ।

ਹੰਭ ਟੁੱਟ ਕੇ ਘਰ ਸੀ ਅੱਪੜਿਆ,
ਬਾਪੂ ਦੀ ਦਵਾ ਜਰੂਰੀ ਰਹਿ ਗਈ।

ਵਾਅਦਾ ਫੇਰ ਨਾ ਪੂਰਾ ਹੋਇਆ,
ਓਹਦੀ ਜੁੱਤੀ ਕਸੂਰੀ ਰਹਿ ਗਈ।

ਖੋਰੇ ਕੀ ਮਜਬੂਰੀ ਰਹਿਗੀ,
ਦਿਲ ਦੀ ਰੀਝ ਅਧੂਰੀ ਰਹਿਗੀ।



**ਦੀਪਕ ਸ਼ੇਰਗੜ੍ਹ**
**(9646106530)**

## ਮਜ਼ਦੂਰ

ਢਿੱਡ ਵਿੱਚ ਅੰਨ ਦਾ ਦਾਣਾ ਨਹੀਂ,
ਤਨ ਉੱਪਰ ਪੂਰੇ ਕੱਪੜੇ ਨਹੀਂ।
ਹੱਥਾਂ ਵਿੱਚ ਕਿਸਮਤ ਦੀਆਂ ਲਕੀਰਾਂ ਨਹੀਂ,
ਇਨਸਾਨ ਹੈ..ਕੋਹਲੂ ਦਾ ਬੈਲ ਨਹੀਂ,
ਸਾਰਾ ਦਿਨ ਕਾਰ ਕਰਦਾ ਹੈ,
ਫਿਰ ਵੀ ਜੀ-ਜੀ ਕਹਿੰਦਾ ਫਿਰਦਾ ਹੈ..!
ਕਰ ਮਜ਼ਦੂਰੀ ਵੀ ਢਿੱਡ ਨਾ ਭਰਦਾ ਹੈ,
ਫਿਰ ਵੀ ਰਜ਼ਾ ਰੱਬ ਦੀ ਵਿੱਚ ਰਹਿੰਦਾ ਹੈ।
ਐਪਰ ਚਾਲ ਨਿਰੰਤਰ ਚਲਦਾ ਹੈ,
ਮਨ ਵਿੱਚ ਰਤਾ ਵੀ ਹਉਮੈਂ ਨਹੀਂ।
ਦੌਰੇ ਦਿਲ ਦੇ ਕੀ ਹੁੰਦੇ....?
ਬਲੱਡ-ਪ੍ਰੈਸ਼ਰ ਵੱਧਦਾ-ਘੱਟਦਾ ਨਹੀਂ।
ਰੋਜ ਡਾਕਟਰਾ ਦੇ ਵਾੜੇ ਵਿੱਚ,
ਗੋਲੀਆਂ ਨੀਂਦ ਦੀਆਂ ਲੈਣ ਜਾਂਦਾ ਨਹੀਂ।
ਤੇਰੀਆਂ ਅੱਖਾਂ 'ਚੋਂ ਆਸ ਦਿੱਸਦੀ ਹੈ,
ਤੇਰੇ ਹੋਠਾਂ 'ਤੇ ਮੁਸਕੁਰਾਹਟ ਹੈ,
ਤੂੰ ਕਿਰਤ ਦਾ ਦੇਵਤਾ ਹੈ,
ਕੋਈ ਚੋਰ,ਲੀਡਰ ਜਾਂ ਪਾਖੰਡੀ ਸਾਧੂ ਨਹੀਂ।



**ਪਰਵੀਨ ਕੌਰ ਸਿੱਧੂ**
**8146536200**

## ਮਜ਼ਦੂਰ ਦਿਵਸ

ਮਜ਼ਦੂਰ ਦਿਵਸ ਵਾਲੇ ਦਿਨ ਛੁੱਟੀ ਹੁੰਦੀ
ਸਰਕਾਰੀ ਮੁਲਾਜ਼ਮਾਂ ਨੂੰ
ਪਰ ਮਜਦੂਰਾਂ ਨੂੰ ਨਹੀਂ ਹੁੰਦੀ
ਸਾਰਾ ਸਾਲ ਮਿਹਨਤ ਕਰਕੇ ਥੱਕ ਹਾਰ ਜਾਂਦੇ ਨੇ
ਮੁਲਾਜ਼ਮ ਆਰਾਮ ਚਾਹੁੰਦੇ ਨੇ
ਇਸ ਲਈ ਇੱਕ ਐਤਵਾਰ ਦੀ ਛੁੱਟੀ ਮਨਾਉਂਦੇ ਨੇ
ਕੋਈ ਆਪਣੇ ਘਰ ਮਨਾਉਂਦਾ ਹੈ
ਕੋਈ ਆਪਣੇ ਰਿਸ਼ਤੇਦਾਰਾਂ ਦੇ
ਪਰ ਮਜਦੂਰ ਮਜ਼ਦੂਰ ਦਿਵਸ ਵਾਲੇ ਦਿਨ ਵੀ
ਕੰਮ ਤੇ ਜਾਂਦੇ ਨੇ
ਸ਼ਾਇਦ ਇਹ ਵੀ ਛੁੱਟੀ ਦਾ ਦਿਨ ਚਾਹੁੰਦੇ ਨੇ
ਦਿਨ ਰਾਤ ਮਿਹਨਤ ਕਰਕੇ
ਦਿਹਾੜੀ ਪੂਰੀ ਦੇ ਹੱਕਦਾਰ ਨੇ
ਪਰ ਹੱਕਦਾਰ ਹੋਣ ਦੇ ਬਾਵਜੂਦ
ਦਿਹਾੜੀ ਪੂਰੀ ਨਹੀਂ ਪਾਉਂਦੇ ਨੇ
ਸਾਇਦ ਇਹ ਵੀ ਛੁੱਟੀ ਮਨਾਉਣਾ ਚਾਹੁੰਦੇ ਨੇ
ਪਰ ਮਨਾ ਨਹੀਂ ਸਕਦੇ
ਇੱਕ ਦਿਨ ਵੀ ਕੰਮ ਨਾ ਕਰਨ
ਪਰਿਵਾਰ ਭੁੱਖੇ ਮਰ ਜਾਂਦੇ ਨੇ
ਇਸ ਲਈ ਕੰਮ ਤੇ ਹੀ ਖੁਸ਼ੀ
ਲੱਭਣ ਦੀ ਕੋਸ਼ਿਸ਼ ਕਰਦੇ ਨੇ
1 ਮਈ ਮਜ਼ਦੂਰ ਦਿਵਸ ਮਿਲਿਆ
ਮਜਦੂਰਾਂ ਨੂੰ ਛੁੱਟੀ ਲਈ
ਪਰ ਜੋ ਹੱਕ ਚਾਹੁੰਦੇ ਨੇ
ਉਹ ਕਦੋਂ ਮਿਲਦੇ ਨੇ
ਇਕੱਲੀ ਛੁੱਟੀ ਲਈ ਆਰਾਮ ਨਹੀਂ
ਸਗੋਂ ਮਜ਼ਦੂਰੀ ਦੇ ਹੱਕਦਾਰ ਨੇ
ਸ਼ਾਇਦ ਇਹ ਵੀ ਆਪਣੇ ਪਰਿਵਾਰ ਨੂੰ
ਐਸ਼ੋ ਅਰਾਮ ਵਿੱਚ ਦੇਖਣਾ ਪਸੰਦ ਕਰਦੇ ਨੇ।



**ਕੁਲਦੀਪ ਕੌਰ ਸੰਗਰੂਰ**

# ਮਜ਼ਦੂਰ ਦਿਵਸ ਤੇ ਮਜ਼ਦੂਰ ਦੇ ਮੌਜੂਦਾ ਹਾਲਾਤ

ਪਰਸੂ,ਪਰਸਾ,ਪਰਸ ਰਾਮ ।ਇਹ ਤਿੰਨ ਨਾਮ ਵਿਆਕਤੀ ਦਾ ਸਮਾਜਿਕ ਰੁਤਬਾ ਬਿਆਨ ਕਰਦੇ ਹਨ। ਦੱਬਿਆ,ਕੁਚਲਿਆ ਤੇ ਲਿਤਾੜਿਆ ਗਰੀਬ ਤਬਕਾ ਆਪਣੇ ਹੋ ਰਹੇ ਸਮਾਜਿਕ ਤੇ ਆਰਥਿਕ ਸੋਸ਼ਣ ਵਿਰੁੱਧ ਸਦੀਆਂ ਤੋਂ ਜੰਗ ਲੜਦਾ ਆ ਰਿਹਾ ਹੈ ।ਇਸ ਜੰਗ ਦੀ ਸੂਰੂਆਤ 1ਮਈ, 1886 ਨੂੰ ਅਮਰੀਕਾ ਤੋਂ ਇੱਕ ਲਹਿਰ ਦੇ ਰੂਪ ਵਿੱਚ ਹੋਈ ਅਤੇ ਇਹ ਲਹਿਰ ਹੌਲੀ-ਹੌਲੀ ਅੰਦੋਲਨ ਦਾ ਰੂਪ ਧਾਰਨ ਕਰ ਗਈ। ਇਸ ਦਿਨ ਅਮਰੀਕਾ ਦੀਆਂ ਮਜ਼ਦੂਰ ਯੂਨੀਅਨਾਂ ਨੇ ਆਪਣੇ ਕੰਮ ਦਾ ਸਮਾਂ ਵਧਾਏ ਜਾਣ ਵਿਰੁੱਧ ਹੜਤਾਲ ਕੀਤੀ। ਇਸ ਹੜਤਾਲ ਦੌਰਾਨ ਸ਼ਿਕਾਗੋ ਦੀ ਹੇਅ ਮਾਰਕੀਟ ਵਿੱਚ ਬੰਬ ਧਮਾਕਾ ਹੋਇਆ ਤੇ ਇਸ ਦੇ ਸਿੱਟੇ ਵਜੋਂ ਪੁਲਿਸ ਵਲੋਂ ਚਲਾਈ ਗੋਲੀ ਨਾਲ ਸੱਤ ਮਜ਼ਦੂਰਾਂ ਦੀ ਮੌਤ ਹੋ ਗਈ। ਭਾਵੇਂ ਇਹਨਾਂ ਘਟਨਾਵਾਂ ਕਰਕੇ ਫੌਰੀ ਤੌਰ ਤੇ ਅਮਰੀਕਾ ਤੇ ਕੋਈ ਅਸਰ ਨਾ ਪਿਆ ਪਰ ਇਸ ਦੇ ਦੂਰਗਾਮੀ ਨਤੀਜੇ ਨਿਕਲੇ।ਇਸ ਹੜਤਾਲ ਤੋਂ ਮਗਰੋਂ ਪੈਦਾ ਹੋਏ ਹਾਲਾਤ ਕਰਕੇ ਅਮਰੀਕਾ ਨੂੰ ਮਜ਼ਦੂਰ ਵਰਗ ਦੇ ਕੰਮ ਕਰਨ ਦਾ ਸਮਾਂ 8 ਘੰਟੇ ਨਿਸ਼ਚਿਤ ਕਰਨਾ ਪਿਆਤੇ ਦੁਨੀਆਂ ਦੇ ਬਹੁਤੇ ਦੇਸ਼ਾਂ ਨੇ 8 ਘੰਟੇ ਕੰਮ ਦੇ ਕਾਨੂੰਨ ਲਾਗੂ ਕੀਤੇ। ਇਸ ਅੰਦੋਲਨ ਤੋਂ ਤਿੰਨ ਸਾਲ ਬਾਅਦ 1889 ਵਿੱਚ ਅੰਤਰ-ਰਾਸ਼ਟਰੀ ਸਮਾਜਵਾਦੀ ਕਾਨਫਰੰਸ ਦੀ ਮੀਟਿੰਗ ਹੋਈ ਜਿਸ ਵਿੱਚ 1 ਮਈ ਨੂੰ ਮਜ਼ਦੂਰ ਦਿਵਸ ਵਜੋਂ ਮਨਾਉਣ ਦਾ ਫੈਸਲਾ ਹੋਇਆ।ਸੋ ਇਸ ਕਰਕੇ ਪਹਿਲੀ ਵਾਰ 1890 ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ।ਸਾਡੇ ਆਪਣੇ ਦੇਸ ਭਾਰਤ ਵਿੱਚ ਮਜ਼ਦੂਰ ਦਿਵਸ ਮਨਾਉਣ ਦੀ ਸੁਰੂਆਤ 1923 ਵਿੱਚ ਚੇਨਈ ਤੋਂ ਹੋਈ।ਇਹ ਫੈਸਲਾ ਮਜ਼ਦੂਰ ਕਿਸਾਨ ਪਾਰਟੀ ਆਫ ਹਿੰਦੁਸਤਾਨ ਦੀ ਪ੍ਰਧਾਨਗੀ ਹੇਠ ਲਿਆ ਗਿਆ। ਕਿਸੇ ਵੀ ਦੇਸ਼, ਸਮਾਜ, ਸੰਸਥਾ ਅਤੇ ਉਦਯੋਗ ਦੇ ਵਿਕਾਸ ਵਿੱਚ ਮਜ਼ਦੂਰਾਂ,ਕਾਮਿਆਂ ਤੇ ਮਿਹਨਤਕਸ਼ ਲੋਕਾਂ ਦਾ ਅਹਿਮ ਰੋਲ ਹੁੰਦਾ ਹੈ।ਇਹਨਾਂ ਦੀ ਵੱਡੀ ਗਿਣਤੀ ਦਾ ਇਸ ਦੀ ਕਾਮਯਾਬੀ ਵਿੱਚ ਕਿਰਤ,ਅਕਲ,ਇਲਮ ਅਤੇ ਤਨਦੇਹੀ ਦਾ ਖਾਸ ਰੋਲ ਹੁੰਦਾ ਹੈ।ਕਿਸੇ ਵੀ ਉਦਯੋਗ ਦੀ ਕਾਮਯਾਬੀ ਵਿੱਚ ਮਾਲਕ ,ਸਰਮਾਇਆ,ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ।ਕਾਮਿਆਂ ਦੇ ਰੋਲ ਨੂੰ ਸਨਅਤੀ ਢਾਂਚੇ ਅਤੇ ਉਸ ਦੇ ਵਿਕਾਸ ਵਿੱਚੋਂ ਮਨਫੀ ਕਰਕੇ ਨਹੀਂ ਦੇਖਿਆ ਜਾ ਸਕਦਾ। ਪਰ ਜਦੋਂ ਅਸੀਂ ਐਨਾ ਲੰਮਾ ਸਮਾਂ ਬੀਤਣ ਤੋਂ ਬਾਅਦ ਕਿਰਤੀਆਂ,ਕਾਮਿਆਂ ਦੇ ਹਾਲਾਤ ਤੇ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਉਹਨਾਂ ਦੇ ਜੀਵਨ ਚ ਕੋਈ ਤਬਦੀਲੀ ਨਜ਼ਰ ਨਹੀਂ ਆਉਂਦੀ।ਉਹ ਅੱਜ ਵੀ ਸੋਸ਼ਤ ਵਰਗ ਹੈ।ਦੱਬਿਆ,ਕੁਚਲਿਆ ਵਰਗ ਹੈ।ਅੱਜ ਵੀ ਅਮੀਰੀ-ਗਰੀਬੀ ਵਿਚਲਾ ਪਾੜਾ ਘੱਟ ਨਹੀਂ ਹੋਇਆ।ਜਿਉਂ-ਜਿਉਂ ਮੁਲਕ ਤਰੱਕੀ ਕਰ ਰਹੇ ਹਨ ਪਰ ਤਿਉਂ-ਤਿਉਂ ਰੁਜ਼ਗਾਰ ਦੇ ਮੌਕਿਆਂ ਤੇ ਮਜ਼ਦੂਰ ਵਰਗ ਦੀ ਤਰੱਕੀ ਚ ਕੋਈ ਜਿਕਰਯੋਗ ਵਾਧਾ ਨਹੀਂ ਹੋਇਆ ।ਭਾਵੇਂ ਸਾਨੂੰ ਹਰ ਖੇਤਰ ਵਿੱਚ ਤਕਨੀਕੀ ਤਰੱਕੀ ਦੀ ਜਰੂਰਤ ਸੀ ਪਰ ਉਸ ਨੇ ਕੰਮ ਵਾਲੀਆਂ ਥਾਵਾਂ ਤੇ ਮਜ਼ਦੂਰਾਂ,ਕਾਮਿਆਂ ਦੀ ਗਿਣਤੀ ਵੀ ਘਟਾਈ। ਤਕਨੀਕੀ ਤਰੱਕੀ ਨੇ ਉਦਯੋਗ ਦੇ ਨਾਲ -ਨਾਲ ਖੇਤੀ ਖੇਤਰ ਚ ਵੀ ਮਜ਼ਦੂਰ ਵਰਗ ਦਾ ਕੰਮ ਘਟਾਇਆ ਤਾਂ ਪੇਂਡੂ ਮਜ਼ਦੂਰ ਨੇ ਸ਼ਹਿਰਾਂ ਦਾ ਰੁੱਖ ਕੀਤਾ।ਹਾਲਾਤ ਸ਼ਹਿਰਾਂ ਦੇ ਬਹੁਤੇ ਚੰਗੇ ਨੇ ਰਹੇ।ਅੱਜ ਜਦੋਂ ਅਸੀਂ ਸ਼ਹਿਰਾਂ ਦੇ ਲੇਬਰ ਚੌਂਕਾਂ ਦਾ ਚੱਕਰ ਕੱਢਦੇ ਹਾਂ ਤਾਂ ਕੰਮ ਦੀ ਭਾਲ ਚ ਆਏ ਕਾਮਿਆਂ ਦੀ ਮਨੋਦਸ਼ਾ ਭਲੀਭਾਂਤ ਸਮਝ ਸਕਦੇ ਹਾਂ। ਸੋ ਜਦੋਂ ਤੱਕ ਕਿਰਤੀ ਲੁੱਟ ਦਾ ਸ਼ਿਕਾਰ ਹੈ,ਉਦੋਂ ਤੱਕ ਕਿਰਤੀਆਂ,ਕਾਮਿਆਂ ਦੀ ਸਮਾਜਿਕ, ਆਰਥਿਕ ਹਾਲਤ ਬੇਹਤਰ ਨਹੀਂ ਹੋ ਸਕਦੀ।ਜਿਸ ਮਜ਼ਦੂਰ ਨੂੰ ,ਮਜ਼ਦੂਰ ਦਿਹਾੜਾ ਮਨਾਉਣ ਨਾਲੋਂ ,ਆਪਣੀ ਦਿਹਾੜੀ ਟੁੱਟਣ ਦਾ ਫਿਕਰ ਜਿਆਦਾ ਹੋਵੇ ਫੇਰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਮਜ਼ਦੂਰ ਦਾ ਹਾਲਾਤ ਚੰਗੇ ਹਨ।ਸੋ ਜਦੋਂ ਤੱਕ ਕਿਸੇ ਇੱਕ ਪਰਿਵਾਰ, ਇੱਕ ਵਿਆਕਤੀ ਵਿਸ਼ੇਸ ਦੇ ਹੱਥਾਂ ਚ ਇੱਕਠੀ ਹੋ ਰਹੀ ਮਾਇਆ ਕਿਰਤੀ,ਕਾਮਿਆਂ ਦੀ ਭਲਾਈ ਲਈ, ਉਹਨਾਂ ਦੇ ਉਥਾਨ ਲਈ, ਉਹਨਾਂ ਦੀ ਸਮਾਜਿਕ ਤੇ ਆਰਥਿਕ ਬੇਹਤਰੀ ਦਾ ਸਾਧਨ ਨਹੀਂ ਬਣਦੀ,ਉਦੋਂ ਤੱਕ ਮਜ਼ਦੂਰ ਵਰਗ ਦਾ ਹਰ ਵਿਆਕਤੀ ਪਰਸੂ ਸੀ ਤੇ ਪਰਸੂ ਹੀ ਰਹੇਗਾ।



**ਫਲੇਲ ਸਿੰਘ ਸਿੱਧੂ**

# ‘ਚਿੰਤਾ ਅਤੇ ਚਿੰਤਨ ਦਾ ਸੁਮੇਲ ਹੈ - ਦੱਸ ਕੀ ਆਖਾਂ’

**ਪੁਸਤਕ ਮੇਰੀ ਨਜ਼ਰ ਵਿੱਚ -**
**ਪੁਸਤਕ ਦਾ ਨਾਂ : ਦੱਸ ਕੀ ਆਖਾਂ (ਕਾਵਿ ਸੰਗ੍ਰਹਿ)**
**ਲੇਖਕ ਦਾ ਨਾਂ : ਪ੍ਰਸ਼ੋਤਮ ਪੱਤੋ ਪੰਨੇ 100**
**ਮੁੱਲ : 180/- ਰੁਪਏ ਪ੍ਰਕਾਸ਼ਕ : ਸਾਦਿਕ ਪਬਲੀਕੇਸ਼ਨਜ਼ ਬਠਿੰਡਾ।**


ਕਵਿਤਾ ਦੇ ਪੰਜਾਬੀ ਸਾਹਿਤ ਜਗਤ ਵਿੱਚ ਕਈ ਰੂਪ ਹਨ ਜਿਵੇਂ ਛੰਦ ਬੱਧ ਤੁਕਾਂਤ ਰੂਪ ਜਾਂ ਖੁੱਲ੍ਹੀ ਕਵਿਤਾ। ਕਵਿਤਾ ਦਾ ਆਪਣਾ ਵਿਧੀ ਵਿਧਾਨ ਹੈ। ਭਾਵੇਂ ਆਮ ਕਵੀ ਖੁੱਲ੍ਹੀ ਕਵਿਤਾ ਨੂੰ ਸਹਿਜ ਹੀ ਸੌਖਾ ਮੰਨ ਲੈਂਦੇ ਹਨ ਪਰ ਜੇ ਉਸ ਨੂੰ ਨਿਯਮ ਬੱਧ ਨਾ ਕੀਤਾ ਜਾਵੇ ਤਾਂ ਉਹ ਵਾਰਤਕ ਜਾਪਣ ਲੱਗ ਪੈਂਦੀ ਹੈ। ਅਮਰਜੀਤ ਸਿੰਘ ਸੰਧੂ ਲਿਖਦੇ ਹਨ ਕਿ ਵਿਸ਼ੇ ਪੱਖੋਂ ਕਵਿਤਾ ਵਿੱਚ ਇੱਕ ਹੀ ਵਿਸ਼ਾ ਨਿਭਾਇਆ ਜਾਂਦਾ ਹੈ ਅਤੇ ਕਲਾਤਮਿਕ ਤੌਰ ਤੇ ਇੱਕ ਕਵਿਤਾ ਪਾਠਕ ਦੀ ਸੋਚ ਪੱਧਰ ਤੋਂ ਸਹਿਜ ਸੁਭਾਅ ਹੀ ਸ਼ੁਰੂ ਹੁੰਦੀ ਹੈ। ਕਾਵਿ ਚਿੰਤਨ ਦਾ ਖੇਤਰ ਬਹੁਤ ਵਿਸ਼ਾਲ ਹੈ। ਇੱਕ ਪਾਸੇ ਵਿਆਕਰਨ ਭਾਸ਼ਾ ਸ਼ਾਸ਼ਤਰ ਕਲਾਸ਼ਾਸ਼ਤਰ ਦਰਸ਼ਨ ਅਤੇ ਛੰਦ ਸ਼ਾਸ਼ਤਰ ਨੂੰ ਛੂਹੰਦਾ ਹੈ ਅਤੇ ਦੂਜੇ ਪਾਸੇ ਮਨੋਵਿਗਿਆਨ ਅਤੇ ਸਰੀਰ ਕਿਰਿਆ ਵਿਗਿਆਨ ਨਾਲ਼ ਵੀ ਜੁੜਿਆ ਹੋਇਆ ਹੈ। ਉਹ ਸਮਾਜ ਸ਼ਾਸ਼ਤਰ ਇਤਿਹਾਸ ਅਤੇ ਰਾਜਨੀਤਕ ਚਿੰਤਨ ਨਾਲ਼ ਵੀ ਜੁੜਦਾ ਹੈ। ਇਹੀ ਕਾਰਨ ਹੈ ਕਿ ਅਜੋਕੇ ਸਮੇਂ ਕਾਵਿ ਸ਼ਾਸ਼ਤਰ ਚਿੰਤਨ ਵਿੱਚ ਕਈ ਦ੍ਰਿਸ਼ਟੀਆਂ ਜਿਨ੍ਹਾਂ ਵਿੱਚ ਰੋਮਾਂਸਵਾਦੀ ਕਲਾਵਾਦੀ ਭਵਿੱਖਵਾਦੀ ਜਾਂ ਹੋਂਦਵਾਦੀ ਸਿਧਾਂਤਾਂ ਨਾਲ਼ ਜੁੜੀਆਂ ਮਿਲਦੀਆਂ ਹਨ।

‘ਦੱਸ ਕੀ ਆਖਾਂ’ ਪ੍ਰਸ਼ੋਤਮ ਪੱਤੋ ਦਾ ਛੇਵਾਂ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਪੰਜ ਕਾਵਿ ਸੰਗ੍ਰਹਿ ਸਾਹਿਤ ਅਤੇ ਪਾਠਕਾਂ ਦੀ ਝੋਲੀ ਪਾ ਚੁੱਕਾ ਹੈ। ਇਹ ਜੀਵਨ ਦਾ ਅਸੂਲ ਹੈ ਕਿ ਕੁਝ ਪਾਉਣ ਲਈ ਕੁਝ ਦੇਣਾ ਵੀ ਪੈਂਦਾ ਹੈ ਇਸੇ ਤਹਿਤ ਕਵੀ ਨੇ ਹਥਲੀ ਪੁਸਤਕ ‘ਦੱਸ ਕੀ ਆਖਾਂ’ ਉਸ ਨੂੰ ਜਿਨ੍ਹਾਂ ਮਿੱਤਰਾਂ ਤੋਂ ਕਾਵਿ ਪੁਸਤਕਾਂ ਲਈ ਸਹਾਇਤਾ ਆਈ ਉਹਨਾਂ ਦਾ ਧੰਨਵਾਦ ਕਰਦਿਆਂ ਉਹਨਾਂ ਨੂੰ ਹੀ ਸਮਰਪਿਤ ਕਰ ਦਿੱਤੀ ਹੈ। ਪੁਸਤਕ ‘ਨਿਰਾਸ਼ਤਾ’ ਤੋਂ ਸ਼ੁਰੂ ਹੋ ਕੇ ‘ਸੋਚ ਦਾ ਪੰਧ’ ਤੇ ਆ ਕੇ ਰੁਕਦੀ ਹੈ।

ਪੁਸਤਕ ਵਿੱਚੋਂ ਵਿਚਰਦਿਆਂ ਸ਼ਾਮਲ ਕਵਿਤਾਵਾਂ ਵਿੱਚ ਹਉਮੈ ਨੂੰ ਮਾਰਨ ਵਿਗਿਆਪਨਾਂ ਦੇ ਜਾਲ ਅੱਖਾਂ ਦੀ ਕਰਾਮਾਤ ਹੱਕ ਸੱਚ ਨਫਰਤ ਬਿਰਹਾ ਸ਼ਬਦਾਂ ਦੀ ਮਹਾਨ-ਤਾ ਉਡੀਕ ਮਿਲਾਵਟ ਧਰਮ ਦੀ ਠੇਕੇਦਾਰੀ ਸੌੜੀ ਸੋਚ ਅਤੇ ਦੇਸ਼ ਵਿੱਚ ਉਤਪੰਨ ਹੋਈਆਂ ਵਿਸੰਗਤੀਆਂ ਦੀ ਗੱਲ ਮਿਲਦੀ ਹੈ। ਪੁਸਤਕ ਦੀ ਸਿਰਲੇਖਤ ਕਵਿਤਾ ‘ਦੱਸ ਕੀ ਆਖਾਂ’ ਚੋਵੀਵੇਂ ਸਥਾਨ ਤੇ ਅੰਕਿਤ ਹੈ। ਜਿਸ ਵਿੱਚ ਸੱਚ ਨੂੰ ਫਾਂਸੀ ਰਿਸ਼ਵਤ ਰੋਟੀ ਦੀ ਥਾਂ ਗੋਲੀ ਲਹੂ ਦਾ ਵਾਪਾਰ ਔਰਤ ਦੀ ਜਿਸਮ ਫ਼ਰੋਸ਼ੀ ਵਰਗੀਆਂ ਅਲਾਮਤਾਂ ਦਾ ਜਿਕਰ ਕੀਤਾ ਗਿਆ ਹੈ। ਇਸੇ ਤਰ੍ਹਾਂ ਲੋਕਾਂ ਨੂੰ ਵਿਗਿਆਪਨ ਮੋਹ ਕੇ ਆਪਣੇ ਪਿੱਛੇ ਲਾਉਂਦੇ ਹਨ ਤੇ ਫਿਰ ਆਮ ਜਨਤਾ ਦੀ ਲੁੱਟ ਘੱਸੁਟ ਕਰਦੇ ਹਨ ਦੱਸੇ ਗਏ ਹਨ। ਹੱਕ ਸੱਚ ਦੀ ਗੱਲ ਕਰਦੀ ਕਵਿਤਾ ‘ਸੱਚ ਦਾ ਰਾਹ’ ਰਾਹੀਂ ਲੋਕਾਂ ਨੂੰ ਸੁਚੇਤ ਕਰਦੀ ਹੈ। ਕਵਿਤਾ ‘ਸ਼ਬਦ’ ਵਿੱਚ ਨਾ ਮਿਟਣ ਅਤੇ ਖੁਰਨ ਦੀ ਗੱਲ ਆਖਦਿਆਂ ਕਿਹਾ ਗਿਆ ਹੈ ਕਿ -

‘ਨਾ ਮਿਟਣਗੇ ਨਾ ਖੁਰਨਗੇ
ਸ਼ਬਦ ਕਵਿਤਾਵਾਂ ਦੇ
ਚਿੰਤਨ ਕਰਕੇ ਇਨ੍ਹਾਂ ਦਾ
ਕਾਫ਼ਲੇ ਤੁਰਨਗੇ
ਨਵੀਆਂ ਰਾਹਾਂ ਤੇ।’ (ਪੰਨਾ 94)

ਦੇਸ਼ ਅੰਦਰ ਵਾਪਰਦੀਆਂ ਵਿਸੰਗਤੀਆਂ ਦੀ ਗੱਲ ਕਰਦੀਆਂ ਕਵਿਤਾਵਾਂ ਭਾਰਤ ਦੇਸ਼ ਬੌਣੇ ਕਦਮ ਸਹਿਮ ਭਵਿੱਖ ਖੁੱਲ੍ਹਾ ਅੰਬਰ ਸਾਂਝ ਦੇ ਫੁੱਲ ਆਦਿ ਸ਼ਾਮਲ ਹਨ ਜਿਹਨਾਂ ਵਿੱਚ ਘਪਲਿਆਂ ਘੁਟਾਲਿਆਂ ਧਰਮਾਂ ਦੀ ਗੱਲ ਕੀਤੀ ਗਈ ਹੈ। ਪ੍ਰੇਮ ਦੀ ਸਰਦਲ ਤੇ ਵਿਰਾਗ ਅਤੇ ਉਡੀਕ ਕਰਦੀਆਂ ਕਵਿਤਾਵਾਂ ਯਾਦ ਵਿੱਚ ਅਤੇ ਉਡੀਕ ਵਿੱਚ ਸ਼ਾਮਲ ਹਨ। ਕਵਿਤਾ ‘ਸਿਰੜੀ ਔਰਤਾਂ’ ਅਤੇ ਹੋਰ ਕਵਿਤਾਵਾਂ ਜਿਵੇਂ ਸਹਿਮ ਮਮਤਾ ਮਾਂ ਆਦਿ ਵਿੱਚ ਔਰਤਾਂ ਦੀ ਹਰ ਥਾਂ ਸ਼ਮੂਲੀਅਤ ਦੀ ਗੱਲ ਕਰਦਿਆਂ ਲਿਖਿਆ ਗਿਆ ਹੈ ਕਿ-




‘ਘਰ ਬਣਾਉਣ ਲਈ
ਇੱਕ ਔਰਤ ਦੀ ਹੁੰਦੀ ਹੈ ਲੋੜ।
ਔਰਤ ਖੇਤਾਂ ਤੋਂ ਲੈ ਕੇ ਮੈਦਾਨੇ ਜੰਗ ਆਈ ਹੈ ਜੁਝਦੀ।’ (ਪੰਨਾ 11)

ਕਵਿਤਾ ‘ਪਿਆਰ ਬਿਨਾਂ ਕੁੱਝ ਨਹੀਂ’ ਪਿਆਰ ਤੋਂ ਵਾਂਝਾਂ ਮਨ ਸੰਦੇਸ਼ ਦਿੰਦਾ ਹੈ ਕਿ ਬਿਨਾਂ ਪਿਆਰ ਕੁਝ ਵੀ ਨਹੀਂ ਹੈ ਸੰਸਾਰ ਵਿੱਚ ਪਰ ਲੋਕ ਇਸ ਸਿਧਾਂਤ ਨੂੰ ਅੱਜ ਦੀ ਭੱਜ ਦੌੜ ਵਿੱਚ ਭੁੱਲ ਗਏ ਹਨ। ਹਾਕਮਾਂ ਦੀ ਚਾਹਤ ਦੀ ਗੱਲ ਕਰਦੀ ਕਵਿਤਾ ‘ਬਾਗ਼ੀ ਸੁਰ’ ਵਿੱਚ ਦੱਸਿਆ ਗਿਆ ਹੈ ਕਿ ਹਾਕਮ ਨਹੀਂ ਚਾਹੁੰਦਾ ਕੋਈ ਉਸ ਦੇ ਫੈਂਸਲੇ ਨੂੰ ਚੁਣੌਤੀ ਦੇਵੇ। ਉਹ ਤਾਂ ਲਾਈਲੱਗ ਅਤੇ ਚਾਪਲੂਸਾਂ ਦੇ ਭੁੱਖੇ ਹੁੰਦੇ ਹਨ ਪਰ ਜਦੋਂ ਜਨਤਾ ਦੀਆਂ ਫਰਿਆਦਾਂ ਅਰਜ਼ਾਂ ਮਿੰਨਤਾਂ ਅਤੇ ਤਰਲੇ ਨਾਲ਼ ਮੰਗਾਂ ਦੀ ਸੁਣਵਾਈ ਨਾ ਹੋਵੇ ਤਾਂ ਫਿਰ ਹਾਕਮਾਂ ਵਿਰੁੱਧ ਬਾਗ਼ੀ ਸੁਰ ਉਤਪੰਨ ਹੋਣ ਲੱਗਦੀ ਹੈ। ਜਿਹੜਾ ਸੰਘਰਸ਼ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਲੋਕ ਆਪਣੀ ਜਾਨ ਵੀ ਦਾਅ ਤੇ ਲਾਉਣ ਤੋਂ ਗੁਰੇਜ਼ ਨਹੀਂ ਕਰਦੇ। ਕਵਿਤਾ ਦੇ ਬੰਦ ਦੇਖੋ-

‘ਜਦੋਂ ਫਰਿਆਦ ਅਰਜ਼ਲੂ ਮਿੰਨਤਾਂ ਤਰਲੇ ਤੇ ਸਹੀ ਮੰਗਾਂ
ਤੇ ਹੋਵੇ ਨਾ ਸੁਣਵਾਈ ਤਾਂ ਪੈਦਾ ਹੁੰਦੀ ਹੈ ਬਾਗ਼ੀ ਸੁਰ
ਤੇ ਫਿਰ ਲੋਕਾਂ ਦੇ ਵੱਡੇ ਕਾਫ਼ਲੇ ਤੁਰ ਪੈਂਦੇ ਨੇ ਮੰਜ਼ਿਲ ਸਰ ਕਰਨ ਵਾਸਤੇ
ਪੱਤੋ ਲੋਕ ਡਰਦੇ ਨਹੀਂ ਜਾਨ ਵਾਰਨ ਤੋਂ।’ (ਪੰਨਾ 19)

‘ਕਿਰਪਾ’ ਕਵਿਤਾ ਇਹ ਵੀ ਦੌਸਦੀ ਹੈ ਕਿ ਕਿਸੇ ਬਾਬੇ ਦੇ ਹੱਥ ਉੱਪਰ ਚੁੱਕਣ ਨਾਲ ਜਾਂ ਸਿਰ ਤੇ ਹੱਥ ਰੱਖਣ ਨਾਲ਼ ਕ੍ਰਿਪਾ ਨਹੀਂ ਆਉਂਦੀ ਸਗੋਂ ਕ੍ਰਿਪਾ ਤਾਂ ਮਾਂ-ਬਾਪ ਦੀ ਸੇਵਾ ਕਰਨ ਪ੍ਰੇਮ ਕਰਨ ਇਮਾਨਦਾਰੀ ਅਤੇ ਸੱਚੀ ਮਿਹਨਤ ਨਾਲ਼ ਆਉਂਦੀ ਹੈ। ਮਨੁੱਖ ਨੂੰ ਤਾਂ ਸ਼ੁਰੂ ਤੋਂ ਹੀ ਘਰ ਦੀ ਜਰੂਰਤ ਰਹੀ ਹੈ ਜਿਵੇਂ ਪੰਛੀਆਂ ਲਈ ਆਲ੍ਹਣਾ ਪਾਣੀ ਦੇ ਜੀਵਾਂ ਲਈ ਪਾਣੀ ਜਰੂਰੀ ਹੈ। ਆਸ਼ਰਮ ਅਤੇ ਧਰਮਸ਼ਾਲਾਵਾਂ ਬੁਢਾਪਾ ਬਸ਼ਰ ਕਰਨਾ ਇੱਕ ਮਜ਼ਬੂਰੀ ਹੈ ਕੋਈ ਸੁੱਖ ਚੈਨ ਨਹੀਂ ਹੈ। ਸਮਾਜ ਵਿੱਚ ਧੀਆਂ ਨਾਲ਼ ਹੁੰਦਾ ਵਿਤਕਰਾ ਦਾ ਵਰਨਣ ਕਵਿਤਾ ‘ਲੋਹੜੀ ਤੇ ਧੀਆਂ’ ਕਰਦੀ ਹੈ। ਲੋਕ ਪੁੱਤਾਂ ਦੀਆਂ ਤਾਂ ਲੋਹੜੀਆਂ ਮਨਾਉਂਦੇ ਹਨ ਪਰ ਧੀਆਂ ਦੀ ਨਹੀਂ। ਪੁੱਤ ਆਪਣੇ ਫਰਜ਼ ਭੁੱਲ ਜਾਂਦੇ ਨੇ ਪਰ ਧੀਆਂ ਆਖਿਰ ਤੱਕ ਮਾਪਿਆਂ ਨਾਲ਼ ਜੁੜੀਆਂ ਰਹਿੰਦੀਆਂ ਹਨ। ਇਸੇ ਸੰਦਰਭ ਵਿੱਚ ਲਿਖਿਆ ਹੈ-

‘ਧੀਆਂ ਬਿਨਾਂ ਦੱਸੋ ਕਾਹਦੀਆਂ ਨੇ ਲੋਹੜੀਆਂ।
ਪੁੱਤਾਂ ਮਾਪਿਆਂ ਤੋਂ ਅੱਖੀਆਂ ਨੇ ਮੋੜੀਆਂ।’ (ਪੰਨਾ 52)

ਪੁਸਤਕ ਵਿੱਚ ਸਮੇਂ ਦੇ ਹਾਣੀ ਬਣਨ ਦੀ ਗੱਲ ਵੀ ਆਖੀ ਗਈ ਹੈ। ਜਿਸ ਵਿੱਚ ਲੋਕਾਂ ਨੂੰ ਸਮੇਂ ਦੇ ਹਾਣੀ ਹੋਣ ਦਾ ਯਤਨ ਕਰਨ ਦੀ ਸਲਾਹ ਅਤੇ ਨੋਜਵਾਨਾਂ ਨੂੰ ਦੇਸ਼ ਸੰਭਾਲਣ ਦੀ ਸਲਾਹ ਦਿੰਦੀਆਂ ਕਵਿਤਾਵਾਂ ‘ਸਮੇਂ ਦੇ ਹਾਣੀ’ ਅਤੇ ‘ਨੋਜਵਾਨੋਂ ਦੇਸ਼ ਸੰਭਾਲੋ’ ਵੀ ਸ਼ਾਮਲ ਹਨ। ‘ਸੁਪਨੇ’ ਕਵਿਤਾ ਵਿੱਚ ਸੁਪਨਿਆਂ ਤੇ ਜਿਉਂਦੇ ਮਨੁੱਖ ਦੀ ਗੱਲ ਕਰਦੀ ਹੈ। ਭਾਵੇਂ ਸੁਪਨੇ ਪੂਰੇ ਨਾ ਵੀ ਹੋਣ ਪਰ ਕੁਝ ਸੁਪਨੇ ਭਵਸਾਗਰ ਟੱਪਦੇ ਨਜ਼ਰ ਆਉਂਦੇ ਹਨ। ਮਨੁੱਖ ਦੇ ਚਿਹਰੇ ਦੇ ਮੁਖੌਟਿਆਂ ਅਤੇ ਮਜ਼੍ਹਬਾ ਦੀ ਗੱਲ ਕਰਦੀਆਂ ਕਵਿਤਾਵਾਂ ਚਿਹਰਾ ਅਤੇ ਘਾਗ ਸਪੇਰੇ ਵਿੱਚ ਕਿਹਾ ਗਿਆ ਹੈ ਕਿ ਹਰ ਮਨੁੱਖ ਦੇ ਚਿਹਰੇ ਤੇ ਅੱਜ ਮੁਖੌਟਾ ਚੜ੍ਹਿਆ ਹੋਇਆ ਹੈ ਅਤੇ ਦੁਨੀਆਂ ਵਿੱਚ ਮਜ਼੍ਹਬਾਂ ਦੇ ਸਭ ਝਗੜੇ ਝੇੜੇ ਹਨ। ਇਹਨਾਂ ਘਾਗ ਸਪੇਰੇ ਰੂਪੀ ਰਹਿਬਰਾਂ ਨੇ ਮਨੁੱਖ ਦੀ ਸੋਚ ਨੂੰ ਕੀਲ ਕੇ ਪਟਾਰੀ ਵਿੱਚ ਪਾ ਲਿਆ ਹੈ। ਲੋਕਾਂ ਨੂੰ ਸਵਰਗ ਦਾ ਲਾਲਚ ਅਤੇ ਨਰਕ ਦਾ ਡਰਾਵਾ ਦੇ ਕੇ ਡੇਰੇ ਲੋਕਾਂ ਨੂੰ ਭਰਮਾ ਕੇ ਆਪਣੇ ਸੰਗ ਰਲਾਈ ਬੈਠੇ ਹਨ। ਮਨੁੱਖ ਦੀ ਜ਼ਿੰਦਗੀ ਦੇ ਵੱਖ-ਵੱਖ ਰੰਗ ਹਨ। ਕਵਿਤਾ ਦਾ ਬੰਦ ਹੈ ਕਿ-

‘ਕੁੱਖ ਤੋਂ ਕਬਰ ਤੱਕ ਜ਼ਿੰਦਗੀ ਵੰਨ-ਸਵੰਨ
ਜ਼ਿੰਦਗੀ ਦੇ ਕਈ ਰੰਗ। ’ (ਪੰਨਾ 70)

ਮਨੁੱਖ ਦਾ ਮਨੁੱਖ ਤੋਂ ਡਰ ਅੱਜ ਦੇ ਸਮੇਂ ਦਾ ਸੱਚ ਬਿਆਨ ਕਰਦੀ ਹੈ ਕਵਿਤਾ ‘ਦਹਿਸ਼ਤ’। ਵਰਤਮਾਨ ਸਮਾਂ ਇੰਨਾ ਭਿਆਨਕ ਆ ਗਿਆ ਹੈ ਕਿ ਮਨੁੱਖ ਹੀ ਮਨੁੱਖ ਨੂੰ ਖਾਈ ਜਾ ਰਿਹਾ ਹੈ। ਮਾਰ ਰਿਹਾ ਹੈ ਇੱਕ ਕੀੜੀ ਵਾਂਗ। ਕਵਿਤਾ ਬੰਦੇ ਦਾ ਬੰਦੇ ਕੋਲੋਂ ਕਤਲ ਹੋਣਾ ਹੱਦਾਂ ਸਰਹੱਦਾਂ ਉੱਪਰ ਤੋਪਾਂ ਦਾ ਮੂੰਹ ਖੋਲ੍ਹਣਾ ਗੋਲੀਆਂ ਵਰਾਉਣੀਆਂ ਅਤੇ ਸੁਰੰਗਾਂ ਦਾ ਫਟਣਾ ਬੰਬ ਧਮਾਕੇ ਅਤੇ ਰੋਜ਼ ਅਖਬਾਰਾਂ ਦੀਆਂ ਸੁਰਖੀਆਂ ਦਾ ਲਹੂ ਭਿੱਜਿਆ ਕਿੰਨਾਂ ਹੀ ਭਿਆਨਕ ਅਤੇ ਦਰਦਨਾਕ ਅਤੇ ਸੋਗਮਈ ਹੁੰਦਾ ਹੈ। ਪੁਸਤਕ ਦੀ ਆਖਰੀ ਕਵਿਤਾ ‘ਸੋਚ ਦਾ ਪੰਧ’ ਵਿੱਚ ਕਵੀ ਇੱਕ ਆਸ ਲੈ ਕੇ ਤੁਰਦਾ ਹੈ। ਭਾਵੇਂ ਚਾਰੇ ਪਾਸੇ ਹਨੇਰਾ ਹੈ ਪਰ ਉਸ ਸੋਚ ਵਿੱਚ ਇੱਕ ਸੁਰਖ਼ ਸਵੇਰਾ ਦਿਸਦਾ ਹੈ। ਉਹ ਆਸ ਦੀ ਤੰਦ ਨਹੀਂ ਛੱਡਦਾ ਕਿਉਂਕਿ ਉਸਨੂੰ ਸੋਚ ਦਾ ਪੰਧ ਲਮੇਰਾ ਨਜ਼ਰੀ ਪੈਂਦਾ ਹੈ। ਉਹ ਕਹਿੰਦਾ ਹੈ-

‘ਪ੍ਰਸ਼ੋਤਮ ਨੇ ਆਸਾਂ ਦੀ ਤੰਦ ਛੱਡੀ ਨਾਲ
ਹਾਲੇ ਉਸ ਦੀ ਸੋਚ ਦਾ ਪੰਧ ਲਮੇਰਾ ਹੈ।’ (ਪੰਨਾ 99)

ਪੁਸਤਕ ਵਿਚਲੀਆਂ ਕਵਿਤਾਵਾਂ ਸਭ ਕੁਝ ਹੋਣ ਦੇ ਬਾਵਜੂਦ ਵੀ ਆਸ ਦਾ ਪੱਲਾ ਨਹੀਂ ਛੱਡਦੀਆਂ। ਉਸ ਦੀਆਂ ਕਵਿਤਾਵਾਂ ਰੋਹ ਅੱਗ ਬੁਝ ਜਾਵੇਗੀ ਦੀਵਾ ਕਸਮ ਗੁਲਾਬੀ ਸਾਉਣ ਇਸ਼ਕ ਦੀ ਬਾਜ਼ੀ ਵਹਿਸ਼ੀ ਸੋਚ ਭੋਲੇ ਜਜ਼ਬੇ ਬ੍ਰਹਿਮੰਡ ਘੇਰੇ ਦਾ ਰੂਪ ਅਤੇ ਬੇਸਹਾਰਾ ਆਦਿ ਵੀ ਗੌਰ ਤਲਬ ਹਨ। ਲੇਖਕ ਦੀਆਂ ਕਵਿਤਾਵਾਂ ਵਿੱਚ ਜਿੱਥੇ ਚਿੰਤਾ ਹੈ ਉੱਥੇ ਚਿੰਤਨ ਵੀ ਹੈ। ਭਵਿੱਖ ਵਿੱਚ ਲੇਖਕ ਤੋਂ ਹੋਰ ਕਵਿਤਾਵਾਂ ਦੀ ਆਸ ਕੀਤੀ ਜਾਂਦੀ ਹੈ।



**ਤੇਜਿੰਦਰ ਚੰਡਿਹੋਕ**
**ਸਾਬਕਾ ਏ.ਐਸ. ਪੀ ਨੈਸ਼ਨਲ ਐਵਾਰਡੀ**
**ਸੰਪਰਕ ਨੰ : 95010-00224**

# ਕਿਰਤੀ ਕਾਮਿਆਂ ਦਾ ਸ਼ੋਸਣ

**ਮਜ਼ਦੂਰ ਦਿਵਸ ਲਈ ਵਿਸ਼ੇਸ਼**

ਪੰਜਾਬ ਵਿੱਚ ਪੰਜਾਬੀ ਦੀਆਂ ਬਹੁਤੀਆਂ ਸਾਹਿਤਕ ਸਭਾਵਾਂ ਵਲੋਂ ਇੱਕ ਮਈ ਨੂੰ ਮਜ਼ਦੂਰ ਦਿਵਸ ਦੇ ਮੌਕੇ ਮਜ਼ਦੂਰਾਂ ਦੇ ਨਾਂ ਤੇ ਕਰਵਾਏ ਜਾਂਦੇ ਸਾਹਿਤਕ ਪ੍ਰੋਗਰਾਮਾਂ ਵਿੱਚ ਮਜ਼ਦੂਰ ਵਰਗ ਨਾਲ਼ ਵੱਡਾ ਧੋਖਾ ਕਰਕੇ ਜਲੀਲ ਅਤੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ ਕਿਉਂਕਿ ਇਨ੍ਹਾਂ ਪ੍ਰੋਗਰਾਮਾਂ ਵਿੱਚ ਮਜ਼ਦੂਰ ਵਰਗ ਦਾ ਕੋਈ ਨੁਮਾਇੰਦਾ ਹੁੰਦਾ ਹੀ ਨਹੀਂ ਸਗੋਂ ਵੱਡੇ ਨਾਂ ਵਾਲ਼ੇ ਸਥਾਪਤ ਤੇ ਸਰਮਾਏਦਾਰਾਂ ਲੇਖਕਾਂ ਨੂੰ ਪ੍ਰਧਾਨਗੀ ਮੰਡਲ ਵਿੱਚ ਨਿਵਾਜ ਕੇ ਤੇ ਉਨ੍ਹਾਂ ਦੇ ਹੱਥੋਂ ਹੀ ਵੱਡੇ ਨਾਂ ਵਾਲ਼ੇ ਸਰਦੇ ਪੁੱਜਦੇ ਲੇਖਕਾਂ ਨੂੰ ਸਨਮਾਨਿਤ ਕਰਵਾਇਆ ਜਾਂਦਾ ਹੈ ਮਜ਼ਦੂਰ ਵਰਗ ਤੇ ਕਿਰਤੀ ਕਾਮਿਆਂ ਦੇ ਨਾ ਤੇ ਹੁੰਦੇ ਇਨ੍ਹਾਂ ਸਮਾਗਮਾਂ ਵਿੱਚ ਮਜ਼ਦੂਰ ਕਿਰਤੀ ਕਾਮਿਆਂ ਦੀ ਸ਼ਮੂਲੀਅਤ ਉਕਾ ਹੀ ਹੁੰਦੀ ਨਹੀਂ ਜਦਕਿ ਚਾਹੀਦਾ ਤਾਂ ਇਹ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿੱਚ ਮਜ਼ਦੂਰ ਤੇ ਕਿਰਤੀ ਕਾਮਿਆਂ ਨੂੰ ਸਤਿਕਾਰ ਦਿੰਦੇ ਹੋਏ ਪ੍ਰਧਾਨਗੀ ਮੰਡਲ ਵਿੱਚ ਬੈਠਾਇਆ ਜਾਵੇ ਤੇ ਉਨ੍ਹਾਂ ਦੀਆਂ ਸਮਾਜਿਕ ਤੇ ਆਰਥਿਕ ਸਮੱਸਿਆਂਵਾਂ ਬਾਰੇ ਗੱਲਬਾਤ ਜਾਂ ਰਚਨਾਵਾਂ ਕਹਾਣੀਆਂ ਪੜ੍ਹੀਆਂ ਜਾਣ ਤੇ ਸਰਕਾਰਾਂ ਤੇ ਉਨ੍ਹਾਂ ਦੀਆਂ ਸਮੱਸਿਆਂਵਾਂ ਨੂੰ ਹੱਲ ਕਰਵਾਉਣ ਲਈ ਜ਼ੋਰ ਪਾਇਆ ਜਾਵੇ।ਪਰ ਹੁੰਦਾ ਇਸ ਤੋਂ ਬਿਲਕੁਲ ਉਲਟ ਹੈ ਇਨ੍ਹਾਂ ਪ੍ਰੋਗਰਾਮਾਂ ਵਿੱਚ ਪ੍ਰਧਾਨਗੀ ਮੰਡਲ ਵਿੱਚ ਬੈਠੇ ਸਥਾਪਤ ਤੇ ਸਰਮਾਏਦਾਰਾਂ ਦੇ ਸੋਹਲੇ ਗਾਏ ਜਾਂਦੇ ਹਨ ਤੇ ਸਾਰੇ ਉਨ੍ਹਾਂ ਦੀ ਆਓ ਭਗਤ ਵਿੱਚ ਲੱਗੇ ਰਹਿੰਦੇ ਹਨ ਮਜ਼ਦੂਰਾਂ, ਕਿਰਤੀ ਕਾਮਿਆਂ ਦੀ ਆਰਥਿਕ, ਜਾਂ ਸਮਾਜਿਕ ਮਦਦ ਕਰਨ ਦੀ ਵਜਾਏ ਉਨ੍ਹਾਂ ਨੂੰ ਹੀ ਸਨਮਾਨਿਤ ਕਰਨ ਦੇ ਬਹਾਨੇ ਵਧੀਆ ਵਧੀਆ ਤੋਹਫੇ ਦਿੱਤੇ ਜਾਂਦੇ ਹਨ। ਇਨ੍ਹਾਂ ਪ੍ਰੋਗਰਾਮਾਂ ਵਿੱਚ ਕਿਰਤੀ ਕਾਮਿਆਂ ਤੋਂ ਸਿਰਫ਼ ਦਰੀਆਂ ਵਿਛਾਉਣ ਜਾਂ ਪ੍ਰਧਾਨਗੀ ਮੰਡਲ ਵਿੱਚ ਬੈਠੇ ਸਰਮਾਏਦਾਰਾਂ ਦੇ ਚਾਹ ਪਾਣੀ ਰੋਟੀ ਖਾ ਕੇ ਛੱਡੇ ਜੂਠੇ ਬਰਤਨ ਸਾਫ਼ ਹੀ ਕਰਵਾਏ ਜਾਂਦੇ ਹਨ। ਸਰਕਾਰੀ ਤੌਰ ਤੇ ਹੁੰਦੇ ਪ੍ਰੋਗਰਾਮਾਂ ਵਿੱਚ ਵੀ ਇਹੀ ਹਾਲ ਹੁੰਦਾ ਹੈ। ਉਪਰੋਕਤ ਸਿਲਸਿਲਾ ਮੰਦਭਾਗਾ ਤੇ ਨਿੰਦਣਯੋਗ ਕਾਰਾ ਹੈ। ਪੂਰੇ ਇੱਕ ਸਾਲ ਬਾਅਦ ਸਿਰਫ਼ ਇੱਕ ਦਿਨ ਮਜ਼ਦੂਰ ਤੇ ਕਿਰਤੀ ਵਰਗ ਲਈ ਮਨਾਇਆ ਜਾਂਦਾ ਹੈ ਜਿਸ ਵਿੱਚ ਉਨ੍ਹਾਂ ਦੀ ਕੋਈ ਪੁੱਛ ਗਿੱਛ ਨਹੀਂ ਹੁੰਦੀ। ਖ਼ਾਸ ਕਰਕੇ ਕਿਰਤੀ ਵਰਗ ਦੇ ਲੇਖਕਾਂ ਤੇ ਆਪਣੇ ਆਪ ਨੂੰ ਇਨਕਲਾਬੀ ਲੇਖਕ ਕਹਾਉਣ ਵਾਲੇ ਲੇਖਕਾਂ ਨੂੰ ਇਸ ਵੱਲ ਖ਼ਾਸ ਧਿਆਨ ਦੇਣਾ ਚਾਹੀਦਾ ਤਾਂ ਕਿ ਕਿਰਤੀ ਕਾਮਿਆਂ ਦੇ ਹਿੱਸੇ ਆਇਆ ਇਹ ਇੱਕ ਮਈ ਦਾ ਦਿਨ ਸਰਮਾਏਦਾਰੀ ਦੇ ਗਲਬੇ ਤੋਂ ਮੁਕਤ ਕਰਕੇ ਮਜ਼ਦੂਰਾਂ ਦੀ ਝੋਲੀ ਪਾਇਆ ਜਾ ਸਕੇ।



**ਅਮਰਜੀਤ ਸਿੰਘ ਫ਼ੌਜੀ**
**ਪਿੰਡ ਦੀਨਾ ਸਾਹਿਬ**
**ਜ਼ਿਲ੍ਹਾ ਮੋਗਾ ਪੰਜਾਬ**
**94174-04804**

# ਸ੍ਰੀਮਤੀ ਕਰਮਜੀਤ ਕੌਰ ਐਲ. ਐਚ. ਵੀ. ਦੀ ਲੋਕ ਸੇਵਾ ਨੂੰ ਸਮਰਪਿਤ ਜ਼ਿੰਦਗੀ

ਸਿਹਤ ਅਤੇ ਲੋਕ ਸੇਵਾ ਦੇ ਖੇਤਰ ਵਿੱਚ ਆਪਣੀ ਨਿਸ਼ਕਾਮ ਸੇਵਾ ਨਾਲ ਅਨੇਕਾਂ ਲੋਕਾਂ ਦੇ ਦਿਲਾਂ ਵਿੱਚ ਆਪਣੀ ਵਿਸ਼ੇਸ਼ ਥਾਂ ਬਣਾਉਣ ਵਾਲੇ ਸ੍ਰੀਮਤੀ ਕਰਮਜੀਤ ਕੌਰ ਜੀ ਅੱਜ, 30 ਅਪ੍ਰੈਲ 2025 ਨੂੰ ਸੇਵਾਮੁਕਤ ਹੋ ਗਏ ਹਨ। ਉਨ੍ਹਾਂ ਦਾ ਜੀਵਨ ਇੱਕ ਅਜਿਹੀ ਰੋਸ਼ਨੀ ਹੈ ਜੋ ਦੂਜਿਆਂ ਨੂੰ ਸੇਵਾ ਭਾਵਨਾ ਅਤੇ ਲਗਨ ਨਾਲ ਕੰਮ ਕਰਨ ਲਈ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ।ਸ੍ਰੀਮਤੀ ਕਰਮਜੀਤ ਕੌਰ ਦਾ ਜਨਮ ਪਿੰਡ ਬੋਹਾ ਜ਼ਿਲ੍ਹਾ ਮਾਨਸਾ ਵਿੱਚ ਹੋਇਆ ਅਤੇ ਉਨ੍ਹਾਂ ਨੇ ਆਪਣੀ ਦਸਵੀਂ ਤੱਕ ਦੀ ਸਿੱਖਿਆ 1983 ਵਿੱਚ ਇਸੇ ਪਿੰਡ ਤੋਂ ਪ੍ਰਾਪਤ ਕੀਤੀ। ਉਨ੍ਹਾਂ ਅੰਦਰ ਲੋਕਾਂ ਦੀ ਸੇਵਾ ਕਰਨ ਦਾ ਜਜ਼ਬਾ ਸ਼ੁਰੂ ਤੋਂ ਹੀ ਪ੍ਰਬਲ ਸੀ, ਜਿਸਦੇ ਚੱਲਦੇ ਉਨ੍ਹਾਂ ਨੇ 1984-85 ਵਿੱਚ ਸਰਕਾਰੀ ਇੰਸਟੀਚਿਊਟ ਬਠਿੰਡਾ ਤੋਂ ੍ਹਾਂ (ਮਲਟੀਪਰਪਜ਼ ਹੈਲਥ ਵਰਕਰ) ਦੀ ਸਿਖਲਾਈ ਹਾਸਲ ਕੀਤੀ। ਇਹ ਸਿਖਲਾਈ ਉਨ੍ਹਾਂ ਲਈ ਲੋਕ ਸੇਵਾ ਦੇ ਖੇਤਰ ਵਿੱਚ ਕਦਮ ਰੱਖਣ ਦਾ ਪਹਿਲਾ ਪੜਾਅ ਸਾਬਿਤ ਹੋਈ। ਉਨ੍ਹਾਂ ਨੇ ਆਪਣੀ ਸੇਵਾ ਦਾ ਆਰੰਭ 18 ਨਵੰਬਰ 1986 ਨੂੰ ਪਿੰਡ ਬਹਿਣੀਵਾਲ ਵਿਖੇ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਵਜੋਂ ਕੀਤਾ। ਆਪਣੀ ਸਖ਼ਤ ਮਿਹਨਤ, ਇਮਾਨਦਾਰੀ ਅਤੇ ਕੰਮ ਪ੍ਰਤੀ ਲਗਨ ਸਦਕਾ ਉਨ੍ਹਾਂ ਨੇ 30 ਜੁਲਾਈ 2020 ਨੂੰ ਐਲ ਐਚ ਵੀ (ਲੇਡੀ ਹੈਲਥ ਵਿਜ਼ੀਟਰ) ਦੇ ਉੱਚ ਅਹੁਦੇ 'ਤੇ ਤਰੱਕੀ ਪ੍ਰਾਪਤ ਕੀਤੀ। ਇਹ ਤਰੱਕੀ ਉਨ੍ਹਾਂ ਦੀ ਸਮਰਪਣ ਭਾਵਨਾ ਅਤੇ ਸਿਹਤ ਖੇਤਰ ਵਿੱਚ ਉਨ੍ਹਾਂ ਦੇ ਵੱਡਮੁੱਲੇ ਯੋਗਦਾਨ ਦਾ ਪ੍ਰਤੀਕ ਸੀ।



**ਸ੍ਰੀਮਤੀ ਕਰਮਜੀਤ ਕੌਰ ਐਲ. ਐਚ. ਵੀ.**

ਐਲ ਐਚ ਵੀ ਵਜੋਂ ਤਰੱਕੀ ਤੋਂ ਬਾਅਦ, ਸ੍ਰੀਮਤੀ ਕਰਮਜੀਤ ਕੌਰ ਨੇ ਸੈਕਟਰ ਨੰਗਲ ਕਲਾਂ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਇਸ ਤੋਂ ਪਹਿਲਾਂ ਉਨ੍ਹਾਂ ਨੇ ਲੰਮਾ ਸਮਾਂ ਪਿੰਡ ਮੂਸਾ ਵਿੱਚ ਇੱਕ ਮਲਟੀਪਰਪਜ਼ ਹੈਲਥ ਵਰਕਰ ਵਜੋਂ ਲੋਕਾਂ ਦੀ ਸਿਹਤ ਸੰਭਾਲ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ। ਉਨ੍ਹਾਂ ਨੇ ਹਮੇਸ਼ਾ ਆਪਣੇ ਆਪ ਨੂੰ ਸਿਰਫ਼ ਇੱਕ ਕਰਮਚਾਰੀ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਉਹ ਲੋਕਾਂ ਲਈ ਇੱਕ ਮਮਤਾ ਭਰੀ ਮਾਂ ਵਾਂਗ ਸਦਾ ਉਨ੍ਹਾਂ ਦੀ ਸਿਹਤ ਦੀ ਰੱਖਿਆ ਲਈ ਤਿਆਰ ਰਹੇ। ਉਨ੍ਹਾਂ ਦੇ ਨਿੱਘੇ ਸੁਭਾਅ ਅਤੇ ਮਦਦ ਕਰਨ ਦੀ ਭਾਵਨਾ ਨੇ ਉਨ੍ਹਾਂ ਨੂੰ ਆਪਣੇ ਖੇਤਰ ਦੇ ਲੋਕਾਂ ਵਿੱਚ ਬਹੁਤ ਸਤਿਕਾਰ ਦਿਵਾਇਆ।

ਸ੍ਰੀਮਤੀ ਕਰਮਜੀਤ ਕੌਰ ਦੀ ਨਿੱਜੀ ਜ਼ਿੰਦਗੀ ਵੀ ਉਨ੍ਹਾਂ ਦੀ ਪੇਸ਼ੇਵਰ ਜ਼ਿੰਦਗੀ ਵਾਂਗ ਹੀ ਸੁਚੱਜੀ ਅਤੇ ਸੰਤੁਲਿਤ ਰਹੀ ਹੈ। ਉਨ੍ਹਾਂ ਦੇ ਪਤੀ, ਸ੍ਰੀ ਜਸਵੀਰ ਸਿੰਘ, ਜੋ ਕਿ ਇੱਕ ਰਿਟਾਇਰਡ ਫਾਰਮੇਸੀ ਅਫਸਰ ਹਨ, ਨੇ ਹਮੇਸ਼ਾ ਉਨ੍ਹਾਂ ਦੀਆਂ ਸਫਲਤਾਵਾਂ ਵਿੱਚ ਇੱਕ ਮਜ਼ਬੂਤ ਸਹਾਰਾ ਬਣ ਕੇ ਉਨ੍ਹਾਂ ਦਾ ਸਾਥ ਦਿੱਤਾ ਹੈ। ਉਨ੍ਹਾਂ ਦੇ ਦੋ ਪੁੱਤਰ, ਸਵਰਨਜੀਤ ਸਿੰਘ ਅਤੇ ਹਰਮਨਦੀਪ ਸਿੰਘ, ਜੋ ਕਿ ਆਸਟ੍ਰੇਲੀਆ ਵਿੱਚ ਵੱਸਦੇ ਹਨ, ਉਨ੍ਹਾਂ ਲਈ ਮਾਣ ਦਾ ਸਰੋਤ ਹਨ। ਵੱਡੇ ਪੁੱਤਰ ਸਵਰਨਜੀਤ ਸਿੰਘ ਵਿਆਹੇ ਹੋਏ ਹਨ ਅਤੇ ਉਨ੍ਹਾਂ ਦਾ ਇੱਕ ਪੋਤਰਾ ਵੀ ਹੈ, ਜੋ ਭਾਰਤ ਵਿੱਚ ਆਪਣੀ ਦਾਦਾ ਦਾਦੀ ਕੋਲ ਹੀ ਰਹਿੰਦਾ ਹੈ। ਆਪਣੇ ਪਰਿਵਾਰਕ ਜੀਵਨ ਅਤੇ ਪੇਸ਼ੇਵਰ ਜ਼ਿੰਮੇਵਾਰੀਆਂ ਨੂੰ ਉਨ੍ਹਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਇਆ ਹੈ।

ਉਨ੍ਹਾਂ ਦੀ ਸੇਵਾ ਮੁਕਤੀ ਦੇ ਇਸ ਵਿਸ਼ੇਸ਼ ਮੌਕੇ 'ਤੇ, ਅਸੀਂ ਉਨ੍ਹਾਂ ਦੀ ਲੰਮੀ ਅਤੇ ਸ਼ਾਨਦਾਰ ਸੇਵਾਮਈ ਯਾਤਰਾ ਲਈ ਉਨ੍ਹਾਂ ਨੂੰ ਤਹਿ ਦਿਲੋਂ ਸ਼ੁਭਕਾਮਨਾਵਾਂ ਭੇਟ ਕਰਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਉਹ ਆਪਣੀ ਜ਼ਿੰਦਗੀ ਦੇ ਇਸ ਨਵੇਂ ਪੜਾਅ ਵਿੱਚ ਵੀ ਖੁਸ਼ਹਾਲੀ, ਤੰਦਰੁਸਤੀ ਅਤੇ ਸ਼ਾਂਤੀ ਭਰਿਆ ਜੀਵਨ ਬਤੀਤ ਕਰਨਗੇ ਅਤੇ ਆਪਣੇ ਪਰਿਵਾਰ ਨਾਲ ਖੁਸ਼ੀਆਂ ਮਾਣਦੇ ਰਹਿਣਗੇ। ਉਨ੍ਹਾਂ ਦੀ ਸੇਵਾ ਭਾਵਨਾ ਹਮੇਸ਼ਾ ਸਾਡੇ ਲਈ ਇੱਕ ਪ੍ਰੇਰਣਾ ਸਰੋਤ ਬਣੀ ਰਹੇਗੀ।

**ਚਾਨਣਦੀਪ ਸਿੰਘ ਔਲਖ**
**(ਮਾਨਸਾ), ਸੰਪਰਕ**
**9876888177**

# ਅਦਾਕਾਰ "ਪ੍ਰਿਤਪਾਲ ਪਾਲੀ" ਵੱਖਰੇ ਅੰਦਾਜ਼ ਵਿਚ ਨਜ਼ਰ ਆਉਣਗੇ "ਗੁਰੂ ਨਾਨਕ ਜਹਾਜ" ਮੂਵੀ ਵਿੱਚ ਇੱਕ ਮਈ ਨੂੰ

ਪੰਜਾਬੀ ਫਿਲਮ ਜਗਤ ਵਿੱਚ ਵੱਡਾ ਯੋਗਦਾਨ ਪਾਉਣ ਆ ਰਹੀ, ਜੋ ਪੰਜਾਬ ਨਹੀ ਪੂਰੀ ਦੁਨੀਆ ਵਿਚ ਤਹਿਲਕਾ ਮਚਾਵੇਗੀ।ਇਸ ਫਿਲਮ ਦੇ ਟ੍ਰੇਲਰ ਨੂੰ ਪੰਜ ਮਿਲੀਅਨ ਤੋ ਉਪਰ ਲੋਕਾਂ ਵੱਲੋਂ ਦੇਖਿਆਂ ਜਾ ਚੁੱਕਾ ਹੈ। ਇਹ ਪੰਜਾਬੀ ਮੂਵੀ ਹਾਲੀਵੁੱਡ ਦੀ ਮੂਵੀ ਨੂੰ ਨੂੰ ਪਿਛੇ ਛੱਡ ਮੂਹਰਲੀ ਕਤਾਰ ਵਿਚ ਆਉਣ ਦੀ ਫਿਤਰਤ ਰੱਖਦੀ ਹੈ । ਮੈ ਗੱਲ ਕਰਨ ਜਾ ਰਿਹਾ ਪੰਜਾਬੀ ਮੂਵੀ "ਗੁਰੂ ਨਾਨਕ ਜਹਾਜ" ਕਾਮਾਗਾਟਾ ਮਾਰੂ 1914 ਵਾਪਸੀ ਅਸਲ ਇਤਿਹਾਸਿਕ ਘਟਨਾ । ਇਸ ਦੀ ਸਟੋਰੀ ਫਿਲਮ ਲੇਖਕ "ਹਰਨਵ ਵੀਰ ਸਿੰਘ ਤੇ ਸਰਨ ਆਰਟ ਦੁਆਰਾ ਲਿਖੀ ਅਤੇ ਪੇਸ਼ਕਸ਼ " ਵਿਹਲੀ ਜੰਨਤਾ ਫਿਲਮਜ਼" ਦੀ ਹੈ।ਇਸ ਦੇ ਡਾਇਰੈਕਟਰ "ਸਰਨ ਆਰਟ" ਨੇ ਬਹੁਤ ਮਿਹਨਤ ਲਗਨ, ਚੰਗੀ ਤਕਨੀਕ ਨਾਲ ਤਿਆਰ ਕੀਤਾ। ਇਸ ਫ਼ਿਲਮ ਦੇ ਪ੍ਰੋਡਿਊਸਰ ਮਨਪ੍ਰੀਤ ਜੌਹਲ ਤੇ ਸਹਾਇਕ ਪ੍ਰੋਡਿਊਸਰ ਕਰਮਜੀਤ ਸਿੰਘ ਜੌਹਲ ਬਹੁਤ ਆਸਾ ਉਮੀਦਾ ਹਨ। ਕੈਮਰਾਮੈਨ "ਜੇਪੀ ਸਿੰਘ" ਬੜੀ ਖੂਬਸੂਰਤੀ ਤੇ ਬਰੀਕੀ ਅੱਖ ਨਾਲ ਦ੍ਰਿਸ਼ਾਂ ਨੂੰ ਕੈਮਰੇ ਵਿੱਚ ਕੈਦ ਕੀਤਾ।






ਇਸ ਪੰਜਾਬੀ ਮੂਵੀ ਵਿੱਚ ਅਦਾਕਾਰ ਵਜੋ ਪਾਲੀਵੁੱਡ,ਬਾਲੀਵੁੱਡ ਨਹੀ , ਹਾਲੀਵੁੱਡ ਦੇ ਅਦਾਕਾਰ ਵੀ ਦੇਖੇ ਜਾਣਗੇ। ਪੰਜਾਬੀ ਲੋਕ ਗਾਇਕੀ ਵਿਚ ਦਿਗਜ ਲੋਕ ਗਾਇਕਾ ਵਿਚ ਗਿਣੇ ਜਾਂਦੇ, ਪ੍ਰਸਿੱਧ ਚਰਚਿਤ ਲੋਕ ਗਾਇਕ ਤੇ ਅਦਾਕਾਰ ਲੀਜੈਂਡ ਤਰਸੇਮ ਜੱਸੜ ਲੀਡਿੰਗ ਰੋਲ ਵਿਚ ਨਜ਼ਰ ਆਉਣਗੇ।



ਇਸ ਤੋ ਇਲਾਵਾ ਕਮੇਡੀ ਦੇ ਬਾਦਸ਼ਾਹ ਤੇ ਅਦਾਕਾਰ ਗੁਰਪ੍ਰੀਤ ਘੁੱਗੀ, ਹਾਲੀਵੁੱਡ ਦੇ ਅਦਾਕਾਰ ਮਾਰਕ ਬੇਨਿੰਗਟਨ ਤੇ ਐਡਵਰਡ ਸੋਨਨਬਲਿਕ ਵੀ ਅਦਾਕਾਰੀ ਦੇ ਜਲਵੇ ਦਿਖਾਉਣਗੇ। ਮੰਝੇ ਅਦਾਕਾਰ ਸਤਿੰਦਰ ਕਾਸੋਨਾ, ਬਲਵਿੰਦਰ ਬੁਲਿਟ,ਹਰਸਰਨ ਸਿੰਘ, ਅਮਨ ਧਾਲੀਵਾਲ ਤੇ ਪ੍ਰਿਤਪਾਲ ਪਾਲੀ ਪਾਲੀਵੁੱਡ ਤੇ ਬਾਲੀਵੁੱਡ ਦੇ



ਨਾਮਵਰ ਅਦਾਕਾਰ ਨੇ ਅਦਾਕਾਰੀ ਨਾਲ ਆਪਣਾ ਸੁਮਾਰ ਕਰਵਾਇਆਂ। ਅਦਾਕਾਰ ਪ੍ਰਿਤਪਾਲ ਪਾਲੀ ਵੱਖਰੇ ਅੰਦਾਜ਼ ਵਿਚ ਨਜ਼ਰ ਆਉਣਗੇ।

ਇਹ ਮੂਵੀ "ਵਰਲਡ ਵਾਈਡ ਤੇ ਓਮਜੀ ਸਿਨੇ ਵਰਲਡ" ਤੇ "ਇਕ ਮਈ" ਨੂੰ ਸਿਨੇਮਾਘਰਾਂ ਵਿਚ ਵੱਡੇ ਪੱਧਰ ਤੇ ਦਰਸ਼ਕਾਂ ਨੂੰ ਓਹ ਇਤਿਹਾਸਕ "1914" ਦੀਆਂ ਦੁਖਦਾਇਕ ਪਲ ਨਾਲ ਸਾਂਝ ਪਾਵੇਗੀ। "ਗੁਰੂ ਨਾਨਕ ਜਹਾਜ" ਦੀ ਪੂਰੀ ਟੀਮ ਨੂੰ ਸੁੱਭਕਾਮਨਾਵਾਂ । ਆਮੀਨ

**ਸ਼ਿਵਨਾਥ ਦਰਦੀ ਫ਼ਰੀਦਕੋਟ**
**ਫਿਲਮ ਜਰਨਲਿਸਟ**
**ਸੰਪਰਕ:- 9855155392**

# "ਇਹ ਧਰਤੀ ਹੈ ਮਜ਼ਦੂਰਾਂ ਦੀ

ਹਰ ਸਾਲ ਇੱਕ ਮਈ ਨੂੰ ਭਾਰਤ ਹੀ ਨਹੀਂ ਬਲਕਿ ਪੂਰੀ ਦੁਨਿਆਂ ਵਿੱਚ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਜਦੋਂ ਪਹਿਲੀ ਵਾਰ ਅਮਰੀਕਾ ਵਿੱਚ 1 ਮਈ 1886 ਨੂੰ ਮਜ਼ਦੂਰਾਂ ਨੇ ਆਪਣੇ ਹੱਕਾਂ ਲਈ ਹੜਤਾਲ ਕੀਤੀ ਤਾਂ ਇਸ ਹੜਤਾਲ ਨੂੰ ਕੁਚਲਣ ਵਾਸਤੇ ਸਾਜ਼ਿਸ਼ ਤਹਿਤ ਸ਼ਿਕਾਗੋ ਵਿਚ ਇਕ ਬੰਬ ਧਮਾਕਾ ਕਰਵਾਇਆ ਗਿਆ ਅਤੇ ਪੁਲਿਸ ਵੱਲੋਂ ਮਜ਼ਦੂਰਾਂ 'ਤੇ ਗੋਲ਼ੀਆਂ ਚਲਾਈਆਂ ਗਈਆਂ ਜਿਸ ਕਾਰਨ ਕਈ ਮਜ਼ਦੂਰ ਮਾਰੇ ਗਏ, ਜਿਨ੍ਹਾਂ ਦੀ ਯਾਦ ਵਿਚ ਸ਼ਿਕਾਗੋ ਵਿਚ 1 ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਣ ਲੱਗਿਆਂ। ਇਸ ਤੋਂ ਬਾਅਦ ਭਾਵੇਂ ਭਾਰਤ ਸਮੇਤ ਦੁਨੀਆ ਦੇ ਤਕਰੀਬਨ 85 ਮੁਲਕਾਂ ਨੇ 1 ਮਈ ਨੂੰ ਛੁੱਟੀ ਕਰ ਕੇ ਮਜ਼ਦੂਰ ਦਿਵਸ ਵਜੋਂ ਮਨਾਉਣਾ ਸ਼ੁਰੂ ਤਾਂ ਕਰ ਦਿੱਤਾ ਪਰ ਇਸ ਨੂੰ ਮਨਾਉਣ ਦਾ ਮਜ਼ਦੂਰ ਵਰਗ ਨੂੰ ਕਿਨ੍ਹਾਂ ਕੁ ਫ਼ਾਇਦਾ ਹੋਇਆ ਇਸ ਦੀ ਮਿਸਾਲ ਦੁਨੀਆਂ ਦੇ ਕਈ ਪਛੜੇ ਮੁਲਕਾਂ, ਅਤੇ ਭਾਰਤ ਦੇਸ਼ ਦੇ ਮਜ਼ਦੂਰ ਵਰਗ ਦੀ ਹਾਲਤ ਤੋਂ ਸਹਿਜੇ ਹੀ ਮਿਲ ਸਕਦੀ ਹੈ। ਪੰਜਾਬੀ ਸ਼ਾਇਰ ਸੰਤ ਰਾਮ ਉਦਾਸੀ ਨੇ ਮਜ਼ਦੂਰ ਜਮਾਤ ਦੀ ਤ੍ਰਾਸਦੀ ਨੂੰ ਕਵਿਤਾ ਰਾਹੀਂ ਬਾਖ਼ੂਬ ਪੇਸ਼ ਕੀਤਾ ਹੈ।

ਮੇਰੀ ਕਿਰਤ ਨੂੰ ਲੁੱਟਣ ਵਾਲੜਿਓ,
ਕਿਉਂ ਪੀਵੋ ਰੱਤ ਬਹਾਰਾਂ ਦੀ ।
ਇਹ ਧਰਤੀ ਹੈ ਮਜ਼ਦੂਰਾਂ ਦੀ,
ਇਹ ਨਹੀਂ ਸਰਮਾਏਦਾਰਾਂ ਦੀ ।
ਮੇਰੇ ਤੇਸੇ ਅਤੇ ਹਥੌੜੇ ਨੇ,
ਲੱਖ ਮੰਦਰ ਮਹਿਲ ਉਸਾਰੇ ਹੋ ।
ਪਰ ਮੇਰੀ ਨੀਂਦ ਉਤਾਰਨ ਨੂੰ,
ਕੱਖ ਕਾਨਿਆਂ ਦੇ ਹਨ ਢਾਰੇ ਹੋ ।
ਇਹ ਧਰਤੀ ਸਾਡੀ ਮਾਂ ਵਰਗੀ,
ਨਾ ਇਸ ਨੂੰ ਕੁਝ ਵੀ ਭੁੱਲਿਆ ਏ ।
ਇਹ ਸਭੇ ਜਾਣਦੇ ਖੇਤਾਂ ਵਿਚ, ਹੈ
ਕਿਸ ਦਾ ਖ਼ੂਨ ਜੁ ਡੁਲ੍ਹਿਆ ਏ ।
ਫਿਰ ਕਿਉਂ ਨਾ ਅੱਜ ਮਜ਼ਦੂਰ ਕਹੇ,
ਜੋ ਧਰਤੀ 'ਤੇ ਉਹ ਮੇਰਾ ਏ ।
ਜਿਸ ਨੂੰ ਤੂੰ ਆਪਣਾ ਦੇਸ਼ ਕਹੇਂ,
ਉਹ ਤੇਰਾ ਨਹੀਂ ਉਹ ਮੇਰਾ ਏ ।

ਹਮੇਸ਼ਾ ਹੀ ਮਜ਼ਦੂਰ ਵਰਗ ਦੀ ਕਿਸੇ ਵੀ ਦੇਸ਼ ਦੇ ਵਿਕਾਸ ਲਈ ਅਹਿਮ ਭੂਮਿਕਾ ਰਹੀ ਹੈ ਚਾਹੇ ਸੜਕ ਨਿਰਮਾਣ ਹੋਵੇ, ਬਿਲਡਿੰਗ ਬਣਾਉਣ ਦਾ ਕੰਮ ਹੋਵੇ ਚਾਹੇ ਕਾਰਖਾਨਿਆਂ ਦੀ ਤਰੱਕੀ ਦੀ ਗੱਲ ਹੋਵੇ ਮਜ਼ਦੂਰ ਤੋਂ ਬਿਨਾਂ ਇਹ ਸਭ ਕੁਝ ਅਸੰਭਵ ਹੈ। ਭਾਰਤੀ ਮਜ਼ਦੂਰ ਜਮਾਤ ਦੀ ਹਾਲਤ ਕਿਸੇ ਤੋਂ ਛਿਪੀ ਨਹੀਂ ਇਥੇ ਕੇਂਦਰ ਸਰਕਾਰ ਜਾਂ ਸੂਬਾ ਸਰਕਾਰਾਂ ਮਜ਼ਦੂਰਾਂ ਵਾਸਤੇ ਕਈ ਸਕੀਮਾਂ ਤਾਂ ਚਲਾ ਦਿੰਦਿਆਂ ਹਨ ਪਰ ਜ਼ਮੀਨੀ ਹਕੀਕਤ ਕੁੱਝ ਹੋਰ ਹੀ ਹੈ ਕਿਉਂ ਕਿ ਮਹਿੰਗਾਈ ਤੇ ਬੇਰੁਜ਼ਗਾਰੀ ਦਾ ਆਲਮ ਇਹ ਹੈ ਕਿ ਅੱਜ ਹਰ ਮਜ਼ਦੂਰ ਅਤੇ ਉਸ ਦਾ ਪਰਿਵਾਰ ਮੰਦਹਾਲੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਜਿਹੜੇ ਮਜ਼ਦੂਰ ਪੱਕੇ ਤੌਰ ਤੇ ਕਾਰਖਾਨਿਆਂ ਵਿੱਚ ਕੰਮ ਕਰਦੇ ਹਨ ਉਨ੍ਹਾਂ ਦੀ ਹਾਲਤ ਦਿਹਾੜੀਦਾਰ ਮਜ਼ਦੂਰਾਂ ਤੋਂ ਕੁਝ ਹੱਦ ਤੱਕ ਬਹਿਤਰ ਹੈ। ਦਿਹਾੜੀਦਾਰ ਕਾਮਿਆਂ ਨੂੰ ਸਭ ਤੋਂ ਪਹਿਲਾਂ ਆਪਣੀ ਦਿਹਾੜੀ ਵਾਸਤੇ ਜਦੋਂ ਜਹਿਦ ਕਰਨੀ ਪੈਂਦੀ ਹੈ, ਉਹ ਸਵੇਰ ਸਾਰ ਹੀ ਲੇਬਰ ਚੌਕ 'ਤੇ ਚਲਾ ਜਾਂਦਾ ਹੈ ਅਤੇ ਬਹੁਤ ਵਾਰੀ ਉਸ ਨੂੰ ਬਿਨਾਂ ਕੰਮ ਤੋਂ ਹੀ ਘਰ ਵਾਪਸ ਪਰਤਣਾ ਪੈਦਾ ਹੈ ਕਿਉਂ ਕਿ ਸਰਕਾਰਾਂ ਵੱਲੋਂ ਮਜ਼ਦੂਰਾਂ ਵਾਸਤੇ ਕੰਮ ਦੀ ਗਰੰਟੀ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ ਜੇਕਰ ਉਸ ਦੀ ਦਿਹਾੜੀ ਲੱਗ ਵੀ ਜਾਂਦੀ ਹੈ ਤਾਂ ਮਹਿੰਗਾਈ ਦਾ ਆਲਮ ਇਹ ਹੈ ਕਿ ਉਹ ਆਪਣੇ ਬੱਚਿਆਂ ਨੂੰ ਚੰਗੀ ਸਿਹਤ ਸਹੂਲਤਾਂ ਤੇ ਸਿੱਖਿਆ ਤਾਂ ਕੀ, ਭਰ ਪੇਟ ਰੋਟੀ ਦੇਣ ਤੋਂ ਵੀ ਅਸਮਰਥ ਹੈ। ਉਨ੍ਹਾਂ ਦੇ ਬੱਚਿਆਂ ਨੂੰ ਵੀ ਮਜਬੂਰਨ ਦਿਹਾੜੀ/ ਮਜ਼ਦੂਰੀ ਕਰਨ ਵਾਸਤੇ ਉਨ੍ਹਾਂ ਦੇ ਨਾਲ ਜਾਣਾ ਪੈਂਦਾ ਹੈ ਅਤੇ ਇਨ੍ਹਾਂ ਦੀਆਂ ਕਈ ਪੀੜੀਆਂ ਦਰ ਪੀੜੀਆਂ ਮਜ਼ਦੂਰੀ ਕਰਨ ਲਈ ਲੇਬਰ ਚੌਕਾਂ 'ਤੇ ਖੜੀਆਂ ਨਜ਼ਰ ਆਉਂਦੀਆਂ ਹਨ। ਇਹੀ ਹਾਲ ਪੰਜਾਬ ਦੇ ਪਿੰਡਾ ਵਿੱਚ ਬੇਜ਼ਮੀਨੇ ਮਜ਼ਦੂਰ ਵਰਗ ਦਾ ਹੈ ਜਿਨ੍ਹਾਂ ਦੀ ਸਦੀਆਂ ਤੋਂ ਪੀੜੀ ਦਰ ਪੀੜੀ ਮਜ਼ਦੂਰੀ ਕਰਦੀਆਂ ਆ ਰਹੀਆਂ ਹਨ। ਗਰੀਬੀ ਕਾਰਨ ਇਨ੍ਹਾਂ ਦੇ ਬੱਚਿਆਂ ਦਾ ਚੰਗੀ ਸਿੱਖਿਆ ਲੈਕੇ ਉਚ ਅਹੁਦਿਆਂ ਤੇ ਪਹੁੰਚਣਾ ਤਾਂ ਦੂਰ ਦੀ ਗੱਲ ਇਹ ਵਰਗ ਆਪਣੇ ਬੱਚਿਆਂ ਨੂੰ ਮਿਆਰੀ ਅਤੇ ਉੱਚ ਸਿੱਖਿਆ ਦੇਣ ਤੋਂ ਵੀ ਅਸਮਰਥ ਨਜ਼ਰ ਆਉਂਦੇ ਹਨ। ਇਕ ਕਵੀ ਦੀਆਂ ਇਹ ਸਤਰਾਂ ਮਜ਼ਦੂਰ ਦੀ ਤਰਾਸਦੀ ਬਿਆਨ ਦੀਆਂ ਹਨ;-

"ਔਰ ਤੋ ਮੁਝਕੋ ਮਿਲਾ ਹੈ ਕਿਆ,
ਮੇਰੀ ਮਿਹਨਤ ਕਾ ਸਿਲ੍ਹਾ,
ਚੰਦ ਸਿੱਕੇ ਹੈਂ ਮੇਰੇ ਹਾਥ ਮੇਂ ਛਾਲੋਂ ਕੀ ਤ੍ਰਹ।

ਕਿਸੇ ਦੇਸ਼ ਦਾ ਵਿਕਾਸ ਮਜ਼ਦੂਰ ਵਰਗ ਤੋਂ ਬਿਨਾਂ ਨਾ ਮੁਮਕਿਨ ਹੈ ਮਜ਼ਦੂਰ ਨੇ ਦੇਸ਼ ਵਾਸਤੇ ਵੱਡੇ ਵੱਡੇ ਮਕਾਨ, ਸੜਕਾਂ, ਪੁਲ ਫੈਕਟਰੀਆਂ ਅਤੇ ਇਮਾਰਤਾਂ ਬਣਾ ਕੇ ਦਿੱਤੀਆਂ ਹਨ ਪਰ ਇਨ੍ਹਾਂ ਚੋਂ ਬਹੁਤ ਸਾਰਿਆਂ ਨੂੰ ਖੁਦ ਆਪਣੇ ਰਹਿਣ ਲਈ ਅਜੇ ਤੱਕ ਛੱਤਾਂ ਵੀ ਨਸੀਬ ਨਹੀਂ ਹੋਈਆਂ ਅਤੇ ਜਿਨ੍ਹਾਂ ਕੋਲ ਹੈ ਵੀ ਉਹ ਵੀ ਬਰਸਾਤ ਦੇ ਦਿਨਾਂ ਵਿਚ ਚੋਣ ਵਾਲੀਆ ਕੱਚੀਆਂ ਛੱਤਾਂ ਹਨ। ਵੋਟਾਂ ਵੇਲੇ ਪਾਰਟੀਆਂ,ਸਰਕਾਰਾਂ ਅਤੇ ਨੇਤਾ ਲੋਕ ਇਹਨਾਂ ਕੋਲ ਵੱਡੇ ਵੱਡੇ ਵਾਅਦੇ ਕਰ ਕੇ ,ਸਬਜ਼ ਬਾਗ ਦਿਖਾ ਕੇ ਤਾਕਤ ਤਾਂ ਲੈ ਲੈਂਦੇ ਹਨ ਪਰ ਇਸ ਤੋਂ ਬਾਅਦ ਸ਼ਾਇਦ ਹੀ ਕਿਸੇ ਸੂਬੇ ਦੀ ਸਰਕਾਰ ਜਾਂ ਨੇਤਾ ਲੋਕ ਹੋਣਗੇ ਜਿਨਾਂ ਨੇ ਇਨਾਂ ਲੋਕਾਂ ਦੀ ਜ਼ਮੀਨੀ ਪੱਧਰ 'ਤੇ ਹਾਲਤ




ਦੇਖ ਕੇ ਅਵਾਜ਼ ਉਠਾਈ ਹੋਵੇ ਜਾਂ ਹਾਲਤ ਸੁਧਾਰਨ ਲਈ ਕੋਈ ਠੋਸ ਕਦਮ ਚੁੱਕੇ ਹੋਣ। ਗਰੀਬੀ ਅਤੇ ਆਰਥਿਕ ਤੰਗੀ ਕਾਰਨ ਕਰ ਕੇ ਇਹਨਾਂ ਦੇ ਕਈ ਪਰਿਵਾਰਕ ਮੈਂਬਰ ਬਿਨਾਂ ਇਲਾਜ ਹੀ ਦੁਨੀਆ ਨੂੰ ਅਲਵਿਦਾ ਕਹਿ ਜਾਂਦੇ ਹਨ। ਇਹਨਾਂ ਦੇ ਬੱਚੇ ਵੀ ਪੀੜੀ ਦਰ ਪੀੜੀ ਮਜ਼ਦੂਰੀ ਕਰਨ ਲਈ ਮਜਬੂਰ ਹਨ। ਬੇਸ਼ੱਕ 01 ਮਈ ਦਾ ਦਿਨ ਅੰਤਰਰਾਸ਼ਟਰੀ ਮਜਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਵੱਖ-ਵੱਖ ਥਾਵਾਂ ਤੇ ਮਜ਼ਦੂਰਾਂ ਦੀ ਮਾੜ੍ਹੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਜਾਂਦੀਆਂ ਹਨ। ਗੈਰ ਸੰਗਠਤ ਖੇਤਰ ਹੋਟਲਾਂ, ਢਾਬਿਆਂ, ਖੇਤੀਬਾੜੀ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜਦੂਰਾਂ ਦੀ ਭਲਾਈ ਦੇ ਨਾਂ ਤੇ ਹਰ ਸਾਲ ਕਰੋੜ੍ਹਾਂ ਰੁਪਏ ਖਰਚੇ ਜਾਂਦੇ ਹਨ। ਸਰਕਾਰ ਵਲੋਂ ਮਹਿਲਾ ਮਜਦੂਰਾਂ, ਬਾਲ ਮਜਦੂਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹਨਾਂ ਦੇ ਵਿਕਾਸ ਲਈ ਸਕੀਮਾਂ ਬਣਾਈਆਂ ਜਾਂਦੀਆ ਹਨ ਪਰ ਇਹ ਸਕੀਮਾਂ ਕਾਗਜ਼ਾਂ ਵਿੱਚ ਹੀ ਰਹਿ ਜਾਂਦੀਆਂ ਹਨ। ਸਰਕਾਰ ਵਲੋਂ ਕੀਤੇ ਜਾਂਦੇ ਵਾਅਦਿਆ ਦੀ ਹਵਾ ਉੱਡ ਜਾਂਦੀ ਹੈ ਅਤੇ ਪੂਰਾ ਸਾਲ ਮੁੜਕੇ ਕਿਸੇ ਰਾਜਨੀਤੀਵਾਨ ਨੂੰ ਅਤੇ ਅਧਿਕਾਰੀਆਂ ਨੂੰ ਮਜਦੂਰਾਂ ਦੀ ਯਾਦ ਨਹੀਂ ਆਂਦੀ ਹੈ। ਮਜਦੂਰਾਂ ਦੀ ਕੰਮ ਕਾਜ ਦੇ ਮਾੜੇ ਹਾਲਤਾਂ ਕਾਰਨ ਵਿਗੜਦੀ ਜਾ ਰਹੀ ਸਿਹਤ, ਮਜਦੂਰ ਭਲਾਈ ਵਿਭਾਗ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਹੋ ਰਹੀ ਲੁੱਟ ਖਸੁੱਟ, ਆਏ ਦਿਨ ਮਜਦੂਰਾਂ ਨਾਲ ਵਾਪਰ ਰਹੇ ਹਾਦਸੇ ਆਦਿ ਕਾਰਨ ਮਜ਼ਦੂਰਾਂ ਦੀ ਹਾਲਤ ਵਿਗੜਦੀ ਹੀ ਜਾ ਰਹੀ ਹੈ। ਸਰਕਾਰ ਵਲੋਂ ਸ਼ੁਰੂ ਕੀਤੀ ਗਈ ਪੇਂਡੂ ਮਜਦੂਰਾਂ ਲਈ ਮਹਾਤਮਾ ਗਾਂਧੀ ਰੁਜਗਾਰ ਗਰੰਟੀ ਯੋਜਨਾ ਮਨਰੇਗਾ ਵੀ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਕਾਰਨ ਮਜਦੂਰਾਂ ਨਾਲੋ ਅਧਿਕਾਰੀਆਂ ਲਈ ਵੱਧ ਲਾਭਦਾਇਕ ਸਾਬਿਤ ਹੋ ਰਹੀ ਹੈ। ਬੇਸ਼ੱਕ ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਕਿਸੇ ਵੀ ਤਰਾਂ ਦੀ ਮਜ਼ਦੂਰੀ ਕਰਵਾਉਣਾ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਬਾਲ ਮਜ਼ਦੂਰੀ ਕਰਵਾਉਣ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜ਼ਾ ਅਤੇ ਜੁਰਮਾਨਾ ਰੱਖਿਆ ਗਿਆ ਹੈ ਅਤੇ ਸਰਕਾਰ ਵਲੋਂ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਸਮੇ-ਸਮੇ ਤੇ ਬਾਲ ਮਜ਼ਦੂਰਾਂ ਬਾਰੇ ਵੀ ਅੰਕੜੇ ਇੱਕਠੇ ਕੀਤੇ ਜਾਂਦੇ ਹਨ ਅਤੇ ਬਾਲ ਮਜਦੂਰੀ ਰੋਕਣ ਲਈ ਨੀਤੀਆਂ ਵੀ ਬਣਾਈਆਂ ਜਾਂਦੀਆਂ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਭਾਰਤ ਦੇਸ਼ ਵਿੱਚ ਬਾਲ ਮਜ਼ਦੂਰਾਂ ਤੋਂ ਸ਼ਰੇਆਮ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਹਰ ਸ਼ਹਿਰ ਕਸਬੇ ਵਿੱਚ ਬੱਚਿਆਂ ਦਾ ਸ਼ੋਸਣ ਕੀਤਾ ਜਾ ਰਿਹਾ ਹੈ। ਹੋਟਲਾਂ, ਢਾਬਿਆਂ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜ਼ਦੂਰਾਂ ਵਿੱਚ ਜ਼ਿਆਦਾ ਗਿਣਤੀ ਬਾਲ ਮਜ਼ਦੂਰਾਂ ਦੀ ਹੁੰਦੀ ਹੈ। ਇਨ੍ਹਾਂ ਬਾਲ ਮਜ਼ਦੂਰਾਂ ਤੋਂ ਜੋਖਿਮ ਭਰੇ ਕੰਮ ਕਰਵਾਏ ਜਾ ਰਹੇ ਹਨ ਅਤੇ ਮਜ਼ਦੂਰੀ ਨਾਂ- ਮਾਤਰ ਦਿਤੀ ਜਾਂਦੀ ਹੈ। ਇਹਨਾਂ ਮਜਦੂਰਾਂ ਨੂੰ ਜੋਖਿਮ ਭਰੇ ਕੰਮ ਕਰਨ ਕਾਰਨ ਕਈ ਤਰਾਂ ਦੀਆਂ ਬਿਮਾਰੀਆਂ ਵੀ ਲੱਗ ਚੁਕੀਆਂ ਹਨ ਪਰ ਮਾਲਕਾਂ ਵਲੋਂ ਇਹਨਾਂ ਤੋਂ ਸਿਰਫ ਕੰਮ ਲੈਣ ਤੱਕ ਹੀ ਮਤਲਬ ਰੱਖਿਆ ਜਾਦਾ ਹੈ। ਬੇਸ਼ੱਕ ਸਰਕਾਰ ਵਲੋਂ ਮਜਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਮਜਦੂਰਾਂ ਦੇ ਇਨਸਾਫ ਅਤੇ ਭਲਾਈ ਲਈ ਬਣਾਏ ਗਏ ਬੋਰਡ ਅਤੇ ਵਿਭਾਗ ਵੀ ਬਹੁਤੀ ਵਾਰ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਨ ਵਿੱਚ ਲਾਭ ਮਹਿਸੂਸ ਕਰਦੇ ਹਨ। ਇਸ ਤਰਾਂ ਸਰਕਾਰਾਂ, ਮਜ਼ਦੂਰ ਯੂਨੀਅਨਾਂ, ਸਰਕਾਰੀ ਅਧਿਕਾਰੀਆਂ, ਰਾਜਨੀਤਿਕ ਪਾਰਟੀਆ ਵਲੋਂ ਕਰਵਾਏ ਜਾਂਦੇ ਵੱਡੇ ਵੱਡੇ ਸਮਾਗਮ ਸਿਰਫ ਖਾਨਾਪੂਰਤੀ ਹੀ ਬਣ ਕੇ ਰਹਿ ਜਾਂਦੇ ਹਨ। ਪਿਛਲੇ ਸਮੇਂ ਦੌਰਾਨ ਵਾਪਰੀਆਂ ਅਣਸੁਖਾਵੀਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰਾਂ ਮਜਦੂਰਾਂ ਦੀ ਸੁਰਖਿਆ ਲਈ ਕਿੰਨੀ ਕੁ ਗੰਭੀਰ ਹਨ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਦੇ ਲੱਖਾਂ ਮਜਦੂਰਾਂ ਨੂੰ ਅਜੇ ਤੱਕ 01 ਮਈ ਦੇ ਮਜ਼ਦੂਰ ਦਿਵਸ ਵਾਰੇ ਵੀ ਪੂਰੀ ਜਾਣਕਾਰੀ ਨਹੀਂ ਹੈ ਅਤੇ ਨਾਂ ਹੀ ਕਿਸੇ ਸਰਕਾਰੀ ਅਧਿਕਾਰੀ ਨੇ ਇਹਨਾਂ ਵੱਲ ਦੇਖਿਆ ਹੈ। ਇਨ੍ਹਾਂ ਮਜਦੂਰਾਂ ਲਈ 01 ਮਈ ਮਜਦੂਰ ਦਿਵਸ ਦਾ ਕਦੋਂ ਮਹੱਤਵ ਹੋਵੇਗਾ ਇਹ ਅਜੇ ਤੱਕ ਵੀ ਇੱਕ ਵੱਡੀ ਬੁਝਾਰਤ ਹੀ ਹੈ। ਜੇਕਰ ਅਸੀਂ ਸੱਚਮੁਚ ਸ਼ਿਕਾਗੋ ਦੇ ਸ਼ਹਿਦਾਂ ਨੂੰ ਸ਼ਰਧਾਂਜਲੀ ਦੇਣੀ ਹੈ ਤਾਂ ਸਾਨੂੰ ਸਭਨੂੰ ਮਿਲਕੇ ਮਜ਼ਦੂਰਾਂ ਦੀ ਵਿਗੜਦੀ ਹਾਲਤ ਵਿੱਚ ਸੁਧਾਰ ਲਿਆਉਣ ਲਈ ਸੰਜੀਦਗੀ ਨਾਲ ਸੋਚਣਾ ਬਣਦਾ ਹੈ। 01 ਮਈ ਦਾ ਦਿਹਾੜਾ ਮਨਾਉਣ ਦਾ ਅਸਲੀ ਮਕਸਦ ਉਦੋਂ ਹੀ ਪੂਰਾ ਹੋਵੇਗਾ ਜਦੋਂ ਮਜਦੂਰਾਂ ਦੇ ਹੱਕ ਪੂਰੀ ਤਰਾਂ ਸੁਰਖਿਅਤ ਹੋਣਗੇ, ਉਨ੍ਹਾਂ ਦੀ ਹੋ ਰਹੀ ਲੁੱਟ ਖਸੁਟ ਬੰਦ ਹੋਵੇਗੀ। ਸਰਕਾਰਾਂ ਮਜ਼ਦੂਰ ਵਰਗ ਅਤੇ ਉਹਨਾਂ ਦੇ ਪਰਿਵਾਰਾਂ ਲਈ ਸਿੱਖਿਆ, ਸਿਹਤ ਅਤੇ ਕੰਮ ਦੀ ਗਰੰਟੀ ਦੇ ਸਬੰਧ ਵਿਚ ਕੋਈ ਠੋਸ ਨੀਤੀਆਂ ਲੈ ਕੇ ਆਉਣ ਅਤੇ ਮਜ਼ਦੂਰ ਜਮਾਤ ਦੇ ਬੱਚਿਆਂ ਲਈ ਮਿਆਰੀ ਅਤੇ ਉਚ ਸਿੱਖਿਆ ਦੇਣ ਲਈ ਕੋਈ ਕਨੂੰਨ ਲੈ ਕੇ ਆਵੇ। ਕਿਸੇ ਵੀ ਦੇਸ਼ ਦੀ ਬੁਨਿਆਦ ਉੱਥੋਂ ਦੇ ਮਜ਼ਦੂਰਾਂ ਵੱਲੋਂ ਬਣਾਈ ਗਈ ਨੀਂਹ 'ਤੇ ਟਿਕੀ ਹੋਈ ਹੈ, ਇਸ ਲਈ ਮਜ਼ਦੂਰ ਅਤੇ ਦੇਸ਼ ਦੀ ਨੀਂਹ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ। ਲੈਨਿਨ ਨੇ ਰੂਸ ਵਿੱਚ ਮਜ਼ਦੂਰ ਜਮਾਤ ਨਾਲ ਸਰਮਾਏਦਾਰੀ ਪ੍ਰਬੰਧ ਵੱਲੋਂ ਹੋ ਰਹੀ ਧੱਕੇਸ਼ਾਹੀ ਅਨਿਆਂ ਵਿਰੁੱਧ ਲਾਮਬੰਦੀ ਕਰਕੇ ਤਿੱਖਾ ਸ਼ੰਘਰਸ਼ ਕੀਤਾ ਸੀ ਅਤੇ ਸਰਮਾਏਦਾਰੀ ਪ੍ਰਬੰਧ ਨੂੰ ਢਹਿ ਢੇਰੀ ਕਰਕੇ ਉਥੇ ਮਜ਼ਦੂਰ ਜਮਾਤ ਦਾ ਰਾਜ ਸਥਾਪਤ ਕੀਤਾ। ਆਖਿਰ ਸਾਡੇ ਦੇਸ਼ ਵਿੱਚ ਮਜ਼ਦੂਰ ਵਰਗ ਕਦੋਂ ਮਜ਼ਬੂਤ ਹੋਵੇਗਾ ? ਕਵੀ ਬਾਬਾ ਨਾਜਮੀ ਨੇ ਮਜ਼ਦੂਰ ਵਰਗ ਦੀ ਤ੍ਰਾਸਦੀ ਨੂੰ ਬਾਖ਼ੂਬ ਪੇਸ਼ ਕੀਤਾ ਹੈ।

ਜਿਸ ਧਰਤੀ 'ਤੇ ਰਜਵਾਂ ਟੁੱਕਰ ਖਾਂਦੇ ਨਈਂ ਮਜ਼ਦੂਰ ।
ਉਸ ਧਰਤੀ ਦੇ ਹਾਕਮ ਕੁੱਤੇ, ਉਸ ਦੇ ਹਾਕਮ ਸੂਰ ।
ਮੇਰੇ ਵਾਂਗੂੰ ਚਾਰ ਦਿਹਾੜੇ ਭੱਠੀ ਕੋਲ ਖਲੋ,
ਮੁੱਲਾਂ ਫੇਰ ਵਿਖਾਵੀਂ ਮੈਨੂੰ ਆਪਣੇ ਮੂੰਹ ਦਾ ਨੂਰ ।
ਪਲ ਪਲ ਚੌੜਾ ਹੁੰਦਾ ਜਾਵੇ, ਲੋੜਾਂ ਦਾ ਦਰਿਆ,
ਹੌਲੀ ਹੌਲੀ ਡੁੱਬਦਾ ਜਾਵੇ, ਸੱਧਰਾਂ ਵਾਲਾ ਪੂਰ ।
ਹੱਥੋਂ ਸੁੱਟ ਜਦੋਂ ਦਾ ਆਸਾ, ਆਂਦੀ ਕਲਮ ਦਵਾਤ,
ਮੰਜ਼ਿਲ ਮੈਨੂੰ ਵਾਜਾਂ ਮਾਰੇ, ਰਸਤੇ ਨੂਰੋ-ਨੂਰ ।



ਕੁਲਦੀਪ ਸਿੰਘ ਸਾਹਿਲ
ਮੋਬਾਈਲ ਨੰਬਰ -88376-46099


ਕਲਾ ਵਾਹਿਗੁਰੂ ਦੀ

ਪੇਂਟਿੰਗ

Painting

ਆਪਣੇ ਸੁਪਨਿਆਂ,
ਬਜ਼ੁਰਗਾਂ,
ਮਿੱਤਰ ਪਿਆਰਿਆਂ
ਦੀਆਂ ਪੇਂਟਿੰਗ ਬਣਾ ਕੇ
ਆਪਣੇ ਘਰਾਂ ਨੂੰ
ਚਾਰ ਚੰਨ
ਲਗਾਓ ਜੀ





DELIVERY ALL WORLD
Payment in Advance
ਪੇਂਟਿੰਗ ਲਈ ਫੋਟੋ ਵਟਸਐਪ ਨੰਬਰ
+91-97794-70626 ਤੇ ਭੇਜੋ

ਚਿੱਤਰਕਾਰ
ਰਾਜੇਸ਼ ਨਾਗਰਾ

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com